ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ

ੴ

## ਪੱਤਰ


ਲੜੀ/ਅੰਕ ਨੰ: 17/03 ਮਾਰਚ 2017 – ਨਾਨਕਸ਼ਾਹੀ ਫੱਗਣ548–ਚੇਤ 549


## ਇਤਿਹਾਸਿਕ ਦਿਹਾੜੇ

### ਮਾਰਚ ਅਤੇ ਅਪ੍ਰੈਲ 2017

| | |
|---|---|
| ਹੋਲਾ ਮਹੱਲਾ | 13 ਮਾਰਚ |
| ਨਾਨਕਸ਼ਾਹੀ ਸੰਮਤ ਅਰੰਭਤਾ (੧ ਚੇਤ) | 14 ਮਾਰਚ |
| ਗੁਰਗੱਦੀ ਦਿਵਸ ਸ੍ਰੀ ਗੁਰੂ ਹਰਿਰਾਇ ਜੀ | 26 ਮਾਰਚ |
| ਗੁਰਗੱਦੀ ਦਿਵਸ ਸ੍ਰੀ ਗੁਰੂ ਅਮਰਦਾਸ ਜੀ | 28 ਮਾਰਚ |
| ਜੋਤੀ ਜੋਤ ਸ੍ਰੀ ਗੁਰੂ ਅੰਗਦ ਦੇਵ ਜੀ | 31 ਮਾਰਚ |
| ਜੋਤੀ ਜੋਤ ਸ੍ਰੀ ਗੁਰੂ ਹਰਿਗੋਬਿੰਦ ਜੀ | 1 ਅਪ੍ਰੈਲ |
| ਜੋਤੀ ਜੋਤ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ | 9 ਅਪ੍ਰੈਲ |
| ਗੁਰਗੱਦੀ ਦਿਵਸ ਸ੍ਰੀ ਗੁਰੂ ਤੇਗ ਬਹਾਦੁਰ ਜੀ | 9 ਅਪ੍ਰੈਲ |
| ਜਨਮ ਦਿਵਸ ਸਾਹਿਬਜ਼ਾਦਾ ਜੁਝਾਰ ਸਿੰਘ ਜੀ | 9 ਅਪ੍ਰੈਲ |
| ਖਾਲਸਾ ਸਾਜਨਾ ਦਿਵਸ | 13 ਅਪ੍ਰੈਲ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਤੇਗ ਬਹਾਦੁਰ ਜੀ | 16 ਅਪ੍ਰੈਲ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਅਰਜੁਨ ਦੇਵ ਜੀ | 18 ਅਪ੍ਰੈਲ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਅੰਗਦ ਦੇਵ ਜੀ | 27 ਅਪ੍ਰੈਲ |


www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,

ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

Join us at Facebook or mail at : gurmatparsar7@gmail.com

# ਚੇਤਿ ਗੋਬਿੰਦੁ ਅਰਾਧੀਐ (ਜੀਵਨ-ਜੁਗਤਿ)

ਚੇਤਿ ਗੋਵਿੰਦੁ ਅਰਾਧੀਐ, ਹੋਵੈ ਅਨੰਦੁ ਘਣਾ ॥
ਸੰਤ ਜਨਾ ਮਿਲਿ ਪਾਈਐ, ਰਸਨਾ ਨਾਮੁ ਭਣਾ ॥
ਜਿਨਿ ਪਾਇਆ ਪ੍ਰਭੁ ਆਪਣਾ, ਆਏ ਤਿਸਹਿ ਗਣਾ ॥
ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥
ਜਲਿ ਥਲਿ ਮਹੀਅਲਿ ਪੂਰਿਆ, ਰਵਿਆ ਵਿੱਚ ਵਣਾ ॥
ਸੋ ਪ੍ਰਭੁ ਚਿਤਿ ਨ ਆਵਈ, ਕਿਤੜਾ ਦੁਖੁ ਗਣਾ ॥
ਜਿਨੀ ਰਾਵਿਆ ਸੋ ਪ੍ਰਭੂ, ਤਿੰਨਾ ਭਾਗੁ ਮਣਾ ॥
ਹਰਿ ਦਰਸਨ ਕੰਉ ਮਨੁ ਲੋਚਦਾ, ਨਾਨਕ ਪਿਆਸ ਮਨਾ ॥
ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ।੨।

ਮਾਝ ਬਾਰਹਮਾਹਾ (ਮਃ ੫) ਅੰਗ ੧੩੬

ਪਦ ਅਰਥ- ਚੇਤਿ-ਚੇਤ ਦੇ ਮਹੀਨੇ ਵਿਚ । ਘਣਾ-ਬਹੁਤ । ਮਿਲਿ-ਮਿਲ ਕੇ । ਰਸਨਾ-ਜੀਭ। ਭਣਾ-ਉਚਾਰਨ । ਜਿਨਿ-ਜਿਸ ਮਨੁੱਖ ਨੇ । ਤਿਸਹਿ-ਉਸ ਨੂੰ । ਆਏ ਗਣਾ-ਆਇਆ ਸਮਝੋ । ਜਣਾ-ਜਾਣੋ । ਮਹੀਅਲਿ-ਮਹੀ ਤਲਿ, ਧਰਤੀ ਦੇ ਤਲ ਉਤੇ, ਪੁਲਾੜ ਵਿਚ, ਆਕਾਸ਼ ਵਿਚ । ਮਣਾ-ਮਣਾ-ਮੂੰਹੀਂ, ਬਹੁਤ । ਕੰਉ-ਨੂੰ । ਮਨਾ-ਮਨਿ, ਮਨ ਵਿਚ । ਤਿਸ ਕੈ ਪਾਇ-ਉਸ ਮਨੁੱਖ ਦੇ ਪੈਰੀਂ । ਲਗਾ-ਲੱਗਾ, ਮੈਂ ਲੱਗਦਾ ਹਾਂ ।

ਅਰਥ :-ਚੇਤ ਵਿਚ (ਬਸੰਤ ਰੁੱਤ ਆਉਂਦੀ ਹੈ, ਹਰ ਪਾਸੇ ਖਿੜੀ ਫੁਲਵਾੜੀ ਮਨ ਨੂੰ ਆਨੰਦ ਦੇਂਦੀ ਹੈ, ਜੇ) ਪਰਮਾਤਮਾ ਨੂੰ ਸਿਮਰੀਏ (ਤਾਂ ਸਿਮਰਨ ਦੀ ਬਰਕਤਿ ਨਾਲ) ਬਹੁਤ ਆਤਮਿਕ ਆਨੰਦ ਹੋ ਸਕਦਾ ਹੈ । ਪਰ ਜੀਭ ਨਾਲ ਪ੍ਰਭੂ ਦਾ ਨਾਮ ਜਪਣ ਦੀ ਦਾਤਿ ਸੰਤ ਜਨਾਂ ਨੂੰ ਮਿਲ ਕੇ ਹੀ ਪ੍ਰਾਪਤ ਹੁੰਦੀ ਹੈ । ਉਸੇ ਬੰਦੇ ਨੂੰ ਜਗਤ ਵਿਚ ਜੰਮਿਆ ਜਾਣੋ (ਉਸੇ ਦਾ ਜਨਮ ਸਫਲਾ ਸਮਝੋ) ਜਿਸ ਨੇ (ਸਿਮਰਨ ਦੀ ਸਹਾਇਤਾ ਨਾਲ) ਆਪਣੇ ਪਰਮਾਤਮਾ ਦਾ ਮਿਲਾਪ ਹਾਸਲ ਕਰ ਲਿਆ (ਕਿਉਂਕਿ) ਪਰਮਾਤਮਾ ਦੀ ਯਾਦ ਤੋਂ ਬਿਨਾ ਇਕ ਖਿਨ-ਮਾਤ੍ਰ ਸਮਾਂ ਗੁਜਾਰਿਆ ਭੀ ਜ਼ਿੰਦਗੀ ਵਿਅਰਥ ਬੀਤਦੀ ਜਾਣੋ ।

ਜਿਹੜਾ ਪ੍ਰਭੂ ਪਾਣੀ ਵਿਚ ਧਰਤੀ ਵਿਚ ਅਕਾਸ਼ ਵਿਚ ਜੰਗਲਾਂ ਵਿਚ ਹਰ ਥਾਂ ਵਿਆਪਕ ਹੈ, ਜੋ ਐਸਾ ਪ੍ਰਭੂ ਕਿਸੇ ਮਨੁੱਖ ਦੇ ਹਿਰਦੇ ਵਿਚ ਨਾਂ ਵੱਸੇ, ਤਾਂ ਉਸ ਮਨੁੱਖ ਦਾ (ਮਾਨਸਿਕ) ਦੁੱਖ ਬਿਆਨ ਨਹੀਂ ਹੋ ਸਕਦਾ । (ਪਰ) ਜਿੰਨ੍ਹਾਂ ਬੰਦਿਆਂ ਨੇ ਉਸ (ਸਰਬ ਵਿਆਪਕ) ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾਇਆ ਹੈ, ਉਹਨਾਂ ਦਾ ਬੜਾ ਭਾਗ ਜਾਗ ਪੈਂਦਾ ਹੈ ।

ਨਾਨਕ ਦਾ ਮਨ (ਭੀ ਹਰੀ ਦੇ ਦੀਦਾਰ ਨੂੰ ਤਾਂਘਦਾ ਹੈ, ਨਾਨਕ ਦੇ ਮਨ ਵਿਚ ਹਰੀ-ਦਰਸਨ ਦੀ ਪਿਆਸ ਹੈ । ਜਿਹੜਾ ਮਨੁੱਖ ਮੈਨੂੰ ਹਰੀ ਦਾ ਮਿਲਾਪ ਕਰਾ ਦੇਵੇ ਮੈਂ ਉਸ ਦੀ ਚਰਨੀ ਲੱਗਾਂਗਾ ।੨।

# ਹਰਿ ਜਪਦਿਆ ਖਿਨੁ ਢਿਲ ਨ ਕੀਜਈ

ਹਰੀ ਸਿੰਘ (ਕੁਵੈਤ ਵਾਲੇ)

ਇਸ ਜੀਵ ਨੂੰ ਅਨੇਕ ਜਨਮ ਭਟਕਦੇ ਰਹਿਣ ਤੋਂ ਬਾਅਦ ਬੜੀ ਮੁਸ਼ਕਲ ਨਾਲ ਇਹ ਮਨੁੱਖਾ ਦੇਹ ਮਿਲਦੀ ਹੈ ਤੇ ਇਸ ਸੰਸਾਰ ਵਿੱਚ ਆਉਂਦਾ ਹੈ। ਇਸ ਲਈ, ਇਸ ਨੂੰ ਚਾਹੀਦਾ ਹੈ ਕਿ ਇਹ ਦੇਹੀ ਜੋ ਇਸ ਨੂੰ ਮਿਲੀ ਹੈ ਉਸ ਰਾਹੀਂ ਪ੍ਰਮਾਤਮਾ ਦੀ ਭਗਤੀ ਕਰਕੇ, ਇਸ ਅਵਸਰ ਦਾ ਪੂਰਾ ਪੂਰਾ ਲਾਭ ਉਠਾਂਦੇ ਹੋਏ ਆਪਣਾ ਜਨਮ ਸਫਲ ਕਰਕੇ ਵਾਪਸ ਜਾਵੇ। ਪਰ ਜੀਵ ਦੀ ਬਦਕਿਸਮਤੀ ਕਿ ਇਹ ਇਥੇ ਸੰਸਾਰ ਵਿੱਚ ਆ ਕੇ ਪ੍ਰਵਾਰਿਕ ਮੋਹ, ਧਨ ਦੌਲਤ ਇਕੱਠੀ ਕਰਨੀ ਤੇ ਮਹਿਲ ਮਾੜੀਆਂ ਦੇ ਝੰਮੇਲਿਆਂ ਵਿੱਚ ਐਸਾ ਖਚਤ ਹੁੰਦਾ ਹੈ ਕਿ ਇਹ ਜੀਵਨ ਦੇ ਅਸਲੀ ਪ੍ਰਯੋਜਨ ਬਾਰੇ ਬਿਲਕੁਲ ਭੁੱਲ ਜਾਂਦਾ ਹੈ। ਸਾਨੂੰ ਗੁਰਬਾਣੀ ਦਾ ਉਪਦੇਸ਼ ਹੈ :-

ਪ੍ਰਾਣੀ ਏਕੋ ਨਾਮੁ ਧਿਆਵਹੁ ॥
ਅਪਨੀ ਪਤਿ ਸੇਤੀ ਘਰਿ ਜਾਵਹੁ ॥੧॥ ਰਹਾਉ ॥ ਮਲਾਰ (ਮਃ ੧) - ਅੰਗ 1254

ਬਸ ਦੁਨਿਆਵੀ ਰੰਗ ਤਮਾਸ਼ਿਆਂ, ਖਾਣਾ ਪੀਣਾ ਤੇ ਹੱਸਣਾ ਸੌਣੇ ਵਿੱਚ ਹੀ ਮਸੱਤ ਹੋ ਜਾਂਦਾ ਹੈ ਅਤੇ ਮਰਨਾ ਵਿਸਰ ਜਾਂਦਾ ਹੈ :-

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥
ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ ॥੧॥ ਅੰਗ 1254

ਇੱਕ ਵਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਅਨੰਦਪੁਰ ਸਾਹਿਬ ਦਰਬਾਰ ਸਜਿਆ ਹੋਇਆ ਸੀ ਤੇ ਆਪ ਤੱਖਤ ਉਪਰ ਬਿਰਾਜਮਾਨ ਸਨ। ਆਪ ਜੀ ਨੇ ਸੁੰਦਰ ਪੁਸ਼ਾਕ ਪਾਈ ਹੋਈ ਸੀ ਤੇ ਸਿਰ ਤੇ ਕਲਗੀ ਸੋਭ ਰਹੀ ਸੀ। ਇੱਕ ਹੱਥ ਬਾਜ ਤੇ ਦੂਸਰੇ ਹੱਥ ਵਿੱਚ ਸ਼ਮਸ਼ੀਰ ਫੜੀ ਹੋਈ ਸੀ। ਪਿਠ ਪਿੱਛੇ ਸੋਨੇ ਦੀਆਂ ਨੋਕਾਂ ਵਾਲੇ ਤੀਰਾਂ ਨਾਲ ਭਰਿਆ ਹੋਇਆ ਭਥਾ ਲਮਕ ਰਿਹਾ ਸੀ। ਦੂਰੋਂ ਨੇੜਿਓ ਆਈਆਂ ਸੰਗਤਾਂ ਵਿਚੋਂ ਇੱਕ ਪਾਸੇ ਸੂਰਵੀਰ ਸਿੰਘ ਤੇ ਦੂਸਰੇ ਪਾਸੇ ਸਿੰਘਣੀਆਂ ਬੈਠੀਆਂ ਗੁਰੂ ਜੀ ਦੇ ਬਚਨ ਸੁਣ ਰਹੀਆਂ ਸਨ।

ਏਨੇ ਨੂੰ ਇੱਕ ਮੁਸਲਮਾਨ ਸਾਂਈ ਫਕੀਰ ਦਰਸ਼ਨਾਂ ਨੂੰ ਆਇਆ ਪਰ ਇਹ ਸਾਰਾ ਸ਼ਾਹੀ ਠਾਠ ਵੇਖ ਕੇ ਪਿਛੇ ਹੀ ਖੜਾ ਹੈਰਾਨ ਹੋ ਰਿਹਾ ਸੀ ਕਿ ਉਹ ਤਾਂ ਸੋਚਦਾ ਸੀ ਕਿ ਨਾਨਕ ਪੀਰ ਦੀ ਗੱਦੀ ਦਾ ਵਾਰਸ ਕੋਈ ਫਕੀਰੀ ਲਿਬਾਸ ਵਿੱਚ ਫੱਟੇ ਪੁਰਾਣੇ ਕੱਪੜੇ ਪਾਈ, ਸਿਰ ਤੇ ਜਟਾਵਾਂ ਤੇ ਹੱਥ ਵਿੱਚ ਮਾਲਾ ਹੋਵੇਗੀ। ਇਥੇ ਤਾਂ ਬਿਲਕੁਲ ਗੱਲ ਉਲਟ ਹੋ ਰਹੀ ਹੈ। ਏਨੇ ਨੂੰ ਕਾਬਲ ਦੀ ਸੰਗਤ ਆਈ ਜਿਨ੍ਹਾਂ ਵਿੱਚ ਬਹੁਤ ਸਾਰੀਆਂ ਬੀਬੀਆਂ ਸਨ। ਸਾਰਿਆਂ ਨੇ ਆ ਕੇ ਗੁਰੂ ਜੀ ਨੂੰ ਮੱਥੇ ਟੇਕੇ ਤੇ ਉਨ੍ਹਾਂ ਨੇ ਸਭ ਨੂੰ ਅਸੀਸਾਂ ਦਿੱਤੀਆਂ। ਇਹ ਸਾਰਾ ਨਜਾਰਾ ਵੇਖ ਕੇ ਫਕੀਰ ਦੀ ਸ਼ਰਧਾ ਹੋਰ ਵੀ ਡਾਵਾ ਡੋਲ ਹੋ ਗਈ ਕਿ ਜਿਹੜਾ ਗੁਰੂ ਐਸੇ ਸ਼ਾਹਨਸ਼ਾਹ ਵਾਲੇ ਠਾਠ ਵਿੱਚ ਰਹਿੰਦਾ ਹੋਵੇ ਉਹ ਕਿਵੇ ਭਗਤੀ ਕਰ ਸਕਦਾ ਹੈ ਤੇ ਜਿਸ ਦੇ ਅੱਗੇ ਪਿਛੇ ਸੁੰਦਰ ਇਸਤਰੀਆਂ ਫਿਰਦੀਆਂ ਹੋਣ ਉਹ ਕਿਵੇਂ ਕਾਮ ਵਾਸਨਾ ਤੋਂ ਬਚਿਆ ਰਹਿ ਸਕਦਾ ? ਦਿਲ ਅੱਗੇ ਜਾਣ ਲਈ ਨਾ ਮਨਿਆ ਤੇ ਨਿਰਾਸ਼ ਹੋ ਕੇ ਵਾਪਸ ਮੁੜਨ ਲੱਗਾ। ਅੰਤਰਜਾਮੀ ਗੁਰੂ ਸਾਹਿਬ ਨੇ ਵੇਖ ਲਿਆ ਤੇ ਇੱਕ ਸਿੱਖ ਨੂੰ ਭੇਜਿਆ ਕਿ ਉਸ ਨੂੰ ਬੁਲਾਕੇ ਲਿਆਵੋ। ਜਦੋਂ ਪਾਸ ਆਇਆ ਤਾਂ ਗੁਰੂ ਜੀ ਨੇ ਕਿਹਾ ਕਿ ਸਾਂਈ ਫਕੀਰ ਵਾਪਸ ਕਿਉਂ ਜਾ ਰਹੇ ਹੋ ? ਫਕੀਰ ਨੇ ਉੱਤਰ ਦਿੱਤਾ "ਜੋ ਮੈਂ ਵੇਖਣਾ ਸੀ ਵੇਖ ਲਿਆ ਹੈ। ਸਾਰਾ ਝੂਠ ਦਾ ਪਸਾਰਾ ਹੈ, ਉੱਚੀ ਦੁਕਾਨ ਤੇ ਫਿੱਕਾ ਪਕਵਾਨ ਹੈ।"

ਗੁਰੂ ਜੀ ਨੇ ਕਿਹਾ ਕਿ ਸਾਂਈ ਫਕੀਰ ਤੈਨੂੰ ਪਤਾ ਨਹੀਂ ਕਿ ਅੱਜ ਤੋਂ ਦਸਵੇਂ ਦਿਨ ਤੇਰੀ ਮੌਤ ਹੋ ਜਾਂਣੀ ਹੈ। ਇਹ ਸੁਣਦੇ ਸਾਰ ਫਕੀਰ ਬਹੁਤ ਘਬਰਾ ਗਿਆ ਤੇ ਗੁਰੂ ਦੇ ਚਰਨੀ ਡਿੱਗ ਪਿਆ ਤੇ ਹੱਥ ਜੋੜ ਕੇ ਬੇਨਤੀ ਕੀਤੀ ਜੇ ਇਹ ਸੱਚ ਹੈ ਤਾਂ ਮੈਨੂੰ ਆਪਣੇ ਚਰਨਾਂ ਵਿੱਚ ਥੋੜੀ ਥਾਂ ਦੇਵੋ ਤਾਂ ਜੋ ਮੈਂ ਇਹ ਬਾਕੀ ਦੇ ਥੋੜ੍ਹੇ ਦਿਨ ਬੰਦਗੀ ਕਰਕੇ ਗੁਜਾਰ ਸਕਾਂ। ਗੁਰੂ ਜੀ ਮੰਨ ਗਏ ਤੇ ਉਸ ਦੇ ਰਹਿਣ ਤੇ ਖਾਂਣ ਪੀਣ ਦਾ ਸਾਰਾ ਪ੍ਰਬੰਧ ਕਰ ਦਿੱਤਾ। ਹੁਣ ਫਕੀਰ ਸਭ ਕੁਝ ਭੁੱਲ ਗਿਆ ਤੇ ਹਰ ਸਮੇਂ ਅਲਾਹ-ਅਲਾਹ ਦਾ ਜਾਪ ਕਰਨ ਲੱਗ ਗਿਆ।

4/5 ਦਿਨਾਂ ਬਾਅਦ ਦਰਬਾਰ ਵਿੱਚ ਇੱਕ ਵੇਸਵਾ ਆਪਣੇ ਸਾਥੀਆਂ ਨਾਲ ਆਈ ਤੇ ਆਪਣੀ ਨਿਰਤਕਾਰੀ ਵਿਖਾਉਣ ਲਈ ਸਮਾਂ ਮੰਗਿਆ। ਗੁਰੂ ਜੀ ਨੇ ਸਾਫ ਇਨਕਾਰ ਕਰ ਦਿੱਤਾ ਕਿ ਗੁਰੂ ਨਾਨਕ ਦੇ ਦਰਬਾਰ ਵਿੱਚ ਨਾਚ ਤੇ ਗਾਣੇ ਲਈ ਕੋਈ ਥਾਂ ਨਹੀਂ। ਫਿਰ ਖਿਆਲ ਆਇਆ ਕਿ ਚਲੋ ਇਸ ਨੂੰ ਫਕੀਰ ਪਾਸ ਭੇਜ ਦਿੰਦੇ ਹਾਂ ਤਾਂ ਜੋ ਉਸ ਦਾ ਦਿਲ ਪ੍ਰਚਾਵਾ ਹੋ ਜਾਵੇਗਾ। ਜਦੋਂ ਵੇਸਵਾ ਫਕੀਰ ਪਾਸ ਪੁੱਜੀ ਤਾਂ ਉਹ ਕੰਨਾਂ ਤੇ ਹੱਥ ਰੱਖਦਾ ਤੋਬਾ ਕਰਦਾ ਹੋਇਆ ਪੁਕਾਰ ਉਠਿਆ ਕਿ ਇਸ ਨੂੰ ਇਥੋਂ ਲੈ ਜਾਵੋ। ਏਨੇ ਨੂੰ ਗੁਰੂ ਜੀ ਆ ਗਏ ਤੇ ਸਮਝਾਇਆ ਕਿ ਵੇਖੋ ਸਾਂਈ ਫਕੀਰ, ਤੁਹਾਨੂੰ ਹੁਣ ਨਿਸਚਾ ਹੈ ਕਿ ਤੁਹਾਡੀ ੫ ਦਿਨਾਂ ਬਾਅਦ ਮੌਤ ਹੋ ਜਾਂਣੀ ਹੈ ਤਾਂ ਤੁਸੀ ਕੋਈ ਵੀ ਗਲਤ ਕੰਮ ਕਰਨ ਲਈ ਰਾਜੀ ਨਹੀਂ। ਇਸੇ ਤਰ੍ਹਾਂ ਸਾਨੂੰ ਤਾਂ ਇਹ ਵੀ ਭਰੋਸਾ ਨਹੀਂ ਕਿ ਜਿਹੜਾ ਇੱਕ ਸਵਾਸ ਬਾਹਰ ਗਿਆ ਉਹ ਵਾਪਸ ਵੀ ਆਵੇਗਾ ਕਿ ਨਹੀਂ ਤਾਂ ਸਾਡੇ ਅੰਦਰ ਭੈੜੇ ਵਿਚਾਰ ਕਿਵੇਂ ਪੈਦਾ ਹੋ ਸਕਦੇ ਹਨ ? ਖੈਰ ਇਹ ਤਾਂ ਸਾਰਾ ਨਾਟਕ ਆਪ ਨੂੰ ਸਮਝਾਉਂਣ ਲਈ ਕਰਨਾ ਪਿਆ। ਜਾਓ ਅਜੇ ਆਪ ਦੀ ਮੌਤ ਆਉਣ ਵਾਲੀ ਨਹੀਂ। ਸਦਾ ਬਾਬੇ ਨਾਨਕ ਦਾ ਇਹ ਕਲਾਮ ਯਾਦ ਰੱਖੋ :-

**ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ**
**ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥ ਬਿਹਾਗੜਾ (ਮਃ ੪) - ਅੰਗ 540**

ਜੇਕਰ ਜਰਾ ਸੋਚੀਏ ਕਿ ਜੋ ਉਪਦੇਸ਼ ਗੁਰੂ ਜੀ ਸਾਂਈ ਫਕੀਰ ਨੂੰ ਦੇ ਰਹੇ ਸਨ, ਉਹ ਖਾਸ ਕਰਕੇ ਸਾਡੇ ਲਈ ਵੀ ਹੈ। ਗੁਰਬਾਣੀ ਸਾਨੂੰ ਵਾਰ ਵਾਰ ਚਿਤਾਵਨੀ ਦਿੰਦੀ ਹੈ ਕਿ ਐ ਜੀਵ ! ਜਰਾ ਸਾਵਧਾਨ ਹੋ ਕਿਉਂਕਿ ਤੂੰ ਸਦਾ ਇਥੇ ਸੰਸਾਰ ਵਿੱਚ ਬੈਠੇ ਨਹੀਂ ਰਹਿਣਾ। ਤੈਨੂੰ ਪ੍ਰਮਾਤਮਾ ਵੱਲੋਂ ਗਿਣੇ ਮਿਣੇ ਸਵਾਸ ਮਿਲੇ ਹਨ ਤੇ ਜਦੋਂ ਉਹ ਪੂਰੇ ਹੋ ਗਏ ਤਾਂ ਮੌਤ ਦਾ ਬਲਾਵਾ ਜ਼ਰੂਰ ਆ ਜਾਵੇਗਾ। ਜਿਵੇਂ :-

**ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥**
**ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥ ਸਲੋਕ (ਭ. ਫਰੀਦ)-ਅੰਗ ੧੩੭੭**

ਇਸ ਲਈ ਸਾਨੂੰ ਚਾਹੀਦਾ ਹੈ ਕਿ ਸਾਡੇ ਅੰਦਰ ਸਦਾ ਮੌਤ ਦੀ ਯਾਦ ਬਣੀ ਰਹੇ ਤਾਂ ਜੋ ਅਸੀਂ ਆਪਣੀ ਮੰਜਲ '**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**' ਵੱਲ ਚਲਦੇ ਰਹੀਏ।

ਆਓ ਅਸੀਂ ਵੀ ਗੁਰੂ ਜੀ ਵਲੋਂ ਸਾਂਈ ਫਕੀਰ ਨੂੰ ਦੱਸੀ ਜੁਗਤੀ ਦਾ ਦੱਸ ਦਿਨਾਂ ਲਈ ਮੌਤ ਬਾਰੇ ਇਹ ਛੋਟਾ ਜਿਹਾ ਅਭਿਆਸ ਕਰ ਕੇ ਦੇਖੀਏ। ਬੱਸ ਸੰਸਾਰ ਨਾਲੋ ਸਾਡੇ ਸਬੰਧ ਘੱਟਦੇ ਜਾਂਣ। ਜੋ ਕੋਈ ਸਾਡਾ ਅਪਮਾਨ ਕਰ ਜਾਵੇ ਜਾਂ ਕਿਸੇ ਨਾਲ ਕੋਈ ਲੜਾਈ ਝਗੜਾ ਹੋ ਜਾਵੇ ਸਾਨੂੰ ਗੁੱਸਾ ਨਾ ਆਵੇ ; ਜੇ ਕੋਈ ਦੁੱਖ ਜਾਂ ਸੁੱਖ ਆਵੇ ਜਾਂ ਕੋਈ ਲਾਭ ਜਾਂ ਨੁਕਸਾਨ ਹੋ ਜਾਵੇ ਅਸੀਂ ਅਡੋਲ ਰਹੀਏ। ਇਸੇ ਤਰ੍ਹਾਂ ਆਪਣੇ ਪਰਿਵਾਰ ਤੇ ਰਿਸ਼ਤੇਦਾਰਾਂ ਦਾ ਮੋਹ ਤੇ ਫਿਕਰ ਟੁੱਟ ਜਾਵੇ ਕਿਉਂਕਿ ਸਾਡੀ ਤਾਂ ਮੌਤ ਹੋਣ ਵਾਲੀ ਹੈ। ਬੱਸ ਹਰ ਸਮੇਂ ਉਸ ਪ੍ਰਮਾਤਮਾ ਦੀ ਯਾਦ ਅੰਦਰ ਬਣੀ ਰਹੀ। ਜੇ ਅਸੀਂ ਦੱਸ ਦਿਨ ਇਸ ਤਰ੍ਹਾਂ ਗੁਜਾਰ ਦਿੱਤੇ ਤਾਂ

ਸੱਚ ਜਾਣੋ ਅਸੀਂ ਬਿਲਕੁਲ ਬਦਲ ਜਾਵਾਂਗੇ । ਸਾਨੂੰ ਅਨੁਭਵ ਹੋਵੇਗਾ ਕਿ ਜੀਉਂਦੇ ਜੀਅ ਅਸੀਂ ਕਿਵੇਂ ਮਰਨਾ ਹੈ ? ਤੇ ਪੁਕਾਰ ਉਠਾਂਗੇ :-

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥ ਅੰਗ ੧੧੦੨

ਇਸ ਦੇ ਉਲਟ ਅਸੀਂ ਤਾਂ ਮੌਤ ਨੂੰ ਸਦਾ ਭੁਲਾਈ ਰੱਖਦੇ ਹਾਂ ਤੇ ਇਸ ਦਾ ਨਾਮ ਤੱਕ ਸੁਣਨ ਲਈ ਤਿਆਰ ਨਹੀਂ । ਜੇ ਕਿਸੇ ਰਿਸ਼ਤੇਦਾਰਾਂ ਜਾਂ ਗੁਆਂਢੀਆਂ ਦੇ ਕੋਈ ਮਰ ਜਾਵੇ ਤਾਂ ਅਸੀਂ ਆਪਣੇ ਬੱਚਿਆਂ ਨੂੰ ਉੱਥੇ ਜਾਣ ਨਹੀਂ ਦਿੰਦੇ ਕਿ ਕਿਤੇ ਇਨ੍ਹਾਂ ਨੂੰ ਮੌਤ ਦਾ ਗਿਆਨ ਨਾ ਹੋ ਜਾਵੇ । ਅਸੀਂ ਸ਼ਮਸ਼ਾਨ ਘਾਟ ਪਿੰਡਾਂ ਤੇ ਸ਼ਹਿਰਾਂ ਤੋਂ ਦੂਰ ਬਣਾਉਂਦੇ ਹਾਂ ਤਾਂ ਜੋ ਉਨ੍ਹਾਂ ਨੂੰ ਵੇਖ ਕੇ ਮੌਤ ਦੀ ਯਾਦ ਨਾ ਆਵੇ । ਜੇ ਕਿਤੇ ਸਾਡੇ ਕਿਸੇ ਰਿਸ਼ਤੇਦਾਰਾਂ ਜਾਂ ਗੁਆਂਢੀਆਂ ਦੇ ਕਿਸੇ ਦੀ ਮੌਤ ਹੋ ਜਾਵੇ ਤਾਂ ਸਾਨੂੰ ਆਪਣੀ ਮੌਤ ਦੀ ਯਾਦ ਨਹੀਂ ਆਉਂਦੀ ਕਿ ਸਾਡੀ ਵੀ ਵਾਰੀ ਆਉਂਣ ਵਾਲੀ ਹੈ । ਅਸੀਂ ਤਾਂ ਸਗੋਂ ਆਪਣੇ ਆਪ ਨੂੰ ਤਸੱਲੀ ਦੇ ਲੈਂਦੇ ਹਾਂ ਕਿ ਉਨ੍ਹਾਂ ਨੇ ਮਰਨਾ ਸੀ ਅਸੀਂ ਥੋੜੇ । ਇਸ ਬਾਰੇ ਭਗਤ ਕਬੀਰ ਜੀ ਯਾਦ ਕਰਾਉਂਦੇ ਹਨ :-

ਕਬੀਰ ਡੂਬਹਿਗੋ ਰੇ ਬਾਪੁਰੇ ਬਹੁ ਲੋਗਨ ਕੀ ਕਾਨਿ ॥
ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ ॥੧੯੭॥ਸਲੋਕ (ਭ. ਕਬੀਰ)-ਅੰਗ ੧੩੭੩

ਇਸੇ ਤਰ੍ਹਾਂ ਬਾਬਾ ਫਰੀਦ ਜੀ ਵੀ ਸਮਝਾਉਂਦੇ ਹਨ ਕਿ ਐ ਜੀਵ ! ਵੇਖ ਤੇਰੇ ਮਾਪੇ ਇਸ ਸੰਸਾਰ ਤੋਂ ਚੱਲੇ ਗਏ ਪਰ ਤੈਨੂੰ ਅਜੇ ਵੀ ਹੋਸ਼ ਨਹੀਂ ਆਉਂਦੀ ਕਿ ਤੇਰੀ ਵਾਰੀ ਵੀ ਆ ਰਹੀ ਹੈ :-

ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥
ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥੭੩॥ ਅੰਗ ੧੩੮੧

ਕਈ ਸੱਜਨ ਆਮ ਤਰਕ ਕਰਦੇ ਹਨ ਕਿ ਜੇ ਮੌਤ ਦੀ ਯਾਦ ਹੀ ਸਦਾ ਅੰਦਰ ਬਣੀ ਰਹੇ ਤਾਂ ਅਸੀਂ ਇਸੇ ਫਿਕਰ ਤੇ ਚਿੰਤਾ ਵਿੱਚ ਡੁੱਬੇ ਰਹਾਂਗੇ ਤੇ ਕਿਸੇ ਕੰਮ ਕਰਨ ਨੂੰ ਦਿਲ ਨਹੀਂ ਕਰੇਗਾ । ਪਰ ਐਸਾ ਹਰਗਿਜ਼ ਨਹੀਂ ਹੈ । ਅਸੀਂ ਵੇਖਦੇ ਹਾਂ ਕਿ ਇੱਕ ਬੱਚੀ ਆਪਣੇ ਮਾਪਿਆਂ ਦੇ ਘਰ ਵੱਡੀ ਹੋ ਰਹੀ ਹੈ, ਉਹ ਜਾਂਣਦੀ ਹੈ ਕਿ ਜਦੋਂ ਇੱਕ ਦਿਨ ਉਹ ਮੁਟਿਆਰ ਹੋ ਜਾਵੇਗੀ ਤਾਂ ਉਸ ਦਾ ਵਿਆਹ ਹੋ ਜਾਵੇਗਾ ਤੇ ਇਹ ਘਰ ਛਡ ਕੇ ਸੌਹਰੇ ਘਰ ਜਾਂਣਾ ਹੋਵੇਗਾ । ਪਰ ਉਹ ਇਸ ਵਿਛੋੜੇ ਨੂੰ ਮਹਿਸੂਸ ਕਰਦੀ ਹੋਈ ਵੀ ਫਿਕਰਮੰਦ ਨਹੀਂ ਹੁੰਦੀ ਸਗੋਂ ਪੇਕੇ ਘਰ ਦੀਆਂ ਸਾਰੀਆਂ ਖੁਸ਼ੀਆਂ ਮਾਂਣਦੀ ਰਹਿੰਦੀ ਹੈ । ਇਸੇ ਤਰ੍ਹਾਂ ਜਦ ਕਦੀ ਅਸੀਂ ਰੇਲ ਜਾਂ ਬਸ ਦਾ ਸਫ਼ਰ ਕਰਦੇ ਹਾਂ, ਭਾਵੇ ਸਾਨੂੰ ਪਤਾ ਹੁੰਦਾ ਹੈ ਕਿ ਜਿਸ ਮੁਸਾਫ਼ਰ ਦੀ ਮੰਜਿਲ ਆ ਜਾਵੇਗੀ ਉਸ ਨਾਲ ਵਿਛੋੜਾ ਹੋ ਜਾਵੇਗਾ ਪਰ ਫਿਰ ਵੀ ਅਸੀਂ ਇਹ ਸਭ ਭੁੱਲਾ ਕੇ ਉਸ ਸਮੇਂ ਦੀਆਂ ਖ਼ੁਸ਼ੀਆਂ ਮਾਂਣਦੇ ਰਹਿੰਦੇ ਹਾਂ ।

ਇਸ ਲਈ ਮੌਤ ਦੀ ਯਾਦ ਤੋਂ ਡਰਨਾ ਨਹੀਂ ਚਾਹੀਦਾ । ਜਿਹੜਾ ਬੰਦਾ ਮਰਨ ਲਈ ਤਿਆਰ ਹੈ ਉਹ ਕਦੇ ਨਹੀਂ ਮਰਦਾ ਪਰ ਇੱਕ ਡਰਪੋਕ ਮਰਨ ਤੋਂ ਪਹਿਲਾਂ ਹੀ ਹਜ਼ਾਰਾਂ ਵਾਰੀ ਮਰਦਾ ਰਹਿੰਦਾ ਹੈ।

ਕਹਿੰਦੇ ਹਨ ਕਿ ਬਚਪਨ ਵਿੱਚ ਇੱਕ ਦਿਨ ਗੁਰੂ ਨਾਨਕ ਦੇਵ ਜੀ ਆਪਣੇ ਸਾਥੀਆਂ ਨਾਲ ਖੇਡ ਰਹੇ ਸਨ । ਇੱਕ ਮਾਈ 'ਵੇ ਮਰ ਜਾਂਣਿਆ, ਵੇ ਮਰ ਜਾਂਣਿਆ, ਬੋਲਦੀ ਹੋਈ ਉਨ੍ਹਾਂ ਪਾਸ ਆਈ । ਗੁਰੂ ਜੀ ਨੇ ਪੁਛਿਆ ਕਿ ਮਾਤਾ ਕਿਸ ਨੂੰ ਵਾਜਾਂ ਮਾਰ ਰਹੀ ਹੈ । ਉਹ ਅੱਗੋਂ ਬੋਲੀ ਕਿ ਇਹ ਸਾਮਣੇ ਖੜੇ ਆਪਣੇ ਪੁੱਤਰ ਨੂੰ ਸੱਦ ਰਹੀ ਹਾਂ । ਗੁਰੂ ਜੀ ਨੇ ਕਹਿਆ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ ਇੱਕ ਮਾਂ ਆਪਣੇ ਪੁੱਤਰ ਨੂੰ 'ਮਰ ਜਾਂਣਾ' ਕਹਿ ਕੇ ਕਿਉਂ ਬੁਲਾ ਰਹੀ ਹੈ ? ਮਾਤਾ ਅੱਗੋਂ ਨਿਰਮਤਾ ਨਾਲ ਬੋਲੀ ਮੇਰੀ ਕੁੱਖ ਵਿਚੋਂ ਇਸ

ਪੁੱਤਰ ਤੋਂ ਪਹਿਲਾਂ ਇਸ ਦੇ ਅੱਠ ਭਰਾ ਆਏ ਪਰ ਉਨ੍ਹਾਂ ਸਾਰਿਆਂ ਨੂੰ ਕਬਰਾਂ ਵਿੱਚ ਦਫ਼ਨਾਂ ਚੁੱਕੀ ਹਾਂ । ਉਹ ਨਹੀਂ ਰਹੇ ਤੇ ਮੈਂ ਡਰਦੀ ਨੇ ਇਸ ਦਾ ਨਾਮ 'ਮਰ ਜਾਂਣਾ' ਰੱਖ ਦਿੱਤਾ ।' ਗੁਰੂ ਜੀ ਨੇ ਤਸੱਲੀ ਦਿੰਦੇ ਹੋਏ ਕਿਹਾ "ਇਸ ਦਾ ਨਾਮ 'ਮਰ ਜਾਂਣਾ' ਨਹੀਂ ਸਗੋਂ ਅਸੀਂ 'ਮਰਦਾ-ਨਾ' ਰੱਖਦੇ ਹਾਂ ਤੇ ਇਸ ਦੀ ਕਦੇ ਮੌਤ ਨਹੀਂ ਹੋਵੇਗੀ ।" ਗੁਰੂ ਜੀ ਦੇ ਬਚਨ ਬਿਲਕੁਲ ਸੱਚ ਹਨ ਕਿਉਂਕਿ ਜਦੋਂ ਤੱਕ ਦੁਨੀਆਂ ਕਾਇਮ ਹੈ ਤੇ ਗੁਰੂ ਨਾਨਕ ਦੇਵ ਜੀ ਦੇ ਨਾਮ ਲੇਵਾ ਜੀਉਂਦੇ ਹਨ ਮਰਦਾਨਾ ਕਦੇ ਨਹੀਂ ਮਰੇਗਾ ।

ਇਹ ਨਾ ਸੋਚੋ ਕਿ ਮੌਤ ਭੱਵਿਖ ਵਿੱਚ ਹੋਵੇਗੀ ਸਗੋਂ ਅਸਲੀਅਤ ਇਹ ਹੈ ਕਿ ਇਹ ਤਾਂ ਹਰ ਪਲ ਘੱਟ ਰਹੀ ਹੈ :-

ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥
ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ ॥੧॥ ਅੰਗ ੬੯੨

ਇਹ ਠੀਕ ਹੈ ਕਿ ਸਾਡੇ ਧੀਆਂ ਪੁੱਤਰ, ਧਨ ਦੌਲਤ, ਮਹਿਲ ਮਾੜੀਆਂ ਆਦਿ ਭਾਵੇਂ ਵੱਧ ਰਹੇ ਹਨ ਪਰ ਅਸੀਂ ਜ਼ਰੂਰ ਦਿਨ ਪਰ ਦਿਨ ਛੋਟੇ ਹੋ ਰਹੇ ਹਾਂ ਤੇ ਇੱਕ ਦਿਨ ਮੌਤ ਨੇ ਇਹ ਸਾਰਾ ਖੇਲ ਖਤਮ ਕਰ ਦੇਣਾ ਹੈ ।

ਅਸੀਂ ਇਸ ਸਮੇਂ ਇਥੇ ਬੈਠੇ ਹੋਏ ਵੀ ਥੋੜਾ ਮਰ ਰਹੇ ਹਾਂ । ਜਿਵੇਂ ਅਸੀਂ ਆਪਣੇ ਕਿਸੇ ਦੋਸਤ ਨਾਲ ਉਨ੍ਹਾਂ ਦੇ ਘਰ ਬੈਠ ਕੇ ਇੱਕ ਘੰਟਾ ਗੁਜਾਰਿਆ ਤਾਂ ਸਮਝੋ ਕਿ ਸਾਡੀ ਇੱਕ ਘੰਟਾ ਉਮਰ ਘੱਟ ਗਈ। ਉਹ ਵੱਖਰੀ ਗੱਲ ਹੈ ਕਿ ਸੱਠ ਜਾਂ ਸੱਤਰ ਸਾਲ ਦੀ ਉਮਰ ਨੂੰ ਪੂਰੇ ਹੋਣ ਲਈ ਸਮਾਂ ਲੱਗੇਗਾ ਪਰ ਉਸ ਸਾਰੇ ਸਮੇਂ ਵਿੱਚ ਇਹ ਇੱਕ ਘੰਟਾ ਵੀ ਗਿਣਿਆ ਜਾਵੇਗਾ । ਦਰਅਸਲ ਜਿਸ ਨੂੰ ਅਸੀਂ ਜੀਵਨ ਸਮਝਦੇ ਹਾਂ ਉਸ ਵਿੱਚ ਤੇ ਮਰਨ ਵਿੱਚ ਬਹੁਤ ਫਰਕ ਨਹੀਂ ਜੇ ਇਹ ਜੀਵਨ ਹੈ, ਉਹੀ ਹੌਲੀ ਹੌਲੀ ਮਰਨ ਬਣਦਾ ਜਾ ਰਿਹਾ ਹੈ ।

ਹੋਰ ਇਹ ਵੀ ਸੱਚ ਹੈ ਕਿ ੯੯% ਲੋਕ ਗੁਰੂ ਦਾ ਉਪਦੇਸ਼ ਸੁਣ ਕੇ ਪ੍ਰਮਾਤਮਾ ਦੇ ਰਾਹ ਨਹੀਂ ਚਲਦੇ ਸਗੋਂ ਦੁੱਖ ਦੀ ਚੋਟ ਨਾਲ ਹੀ ਪ੍ਰਮਾਤਮਾ ਦੀ ਯਾਦ ਆਉਂਦੀ ਹੈ । ਤਦੇ ਗੁਰਬਾਣੀ ਨੇ ਦੁੱਖ ਨੂੰ ਦਾਰੂ ਕਰਕੇ ਕਹਿਆ :-

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥
ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥੧॥ ਅੰਗ ੪੬੯

ਦੁੱਖਾਂ ਵਿੱਚ ਸਭ ਤੋਂ ਵੱਡਾ ਦੁੱਖ ਮੌਤ ਦਾ ਹੈ । ਮੌਤ ਦਾ ਗਿਆਨ ਸਾਡੇ ਜੀਵਨ ਵਿੱਚ ਤਬਦੀਲੀ ਲਿਆ ਸਕਦਾ ਹੈ । ਜਿੱਥੇ ਕੋਈ ਖਤਰਾ ਹੋਵੇ ਉੱਥੇ ਅਸੀਂ ਇੱਕ ਦੱਮ ਸਾਵਧਾਨ ਹੋ ਜਾਂਦੇ ਹਨ । ਇਸ ਲਈ ਜੇ ਸਿਮਰਨ ਅਭਿਆਸ ਵੇਲੇ ਮੌਤ ਦਾ ਧਿਆਨ ਰਹੇ ਤਾਂ ਇਕਾਗਰਤਾ ਬਹੁਤ ਜਲਦੀ ਬਣੇਗੀ ਕਿਉਂਕਿ ਮਨ ਉਨ੍ਹਾਂ ਸਭ ਪਾਸਿਆਂ ਤੋਂ ਬਿਰਤੀ ਹਟਾ ਲੈਂਦਾ ਹੈ ਜੋ ਇਸ ਡਾਡੀ ਮੌਤ ਨੇ ਖੋਹ ਲੈਂਣੇ ਹਨ । ਬੱਸ ਇੱਕ ਵਾਰੀ ਇਕਾਗਰਤਾ ਹੋਈ ਤਾਂ ਪਿਛੇ ਬਾਕੀ ਕੇਵਲ ਪ੍ਰਮਾਤਮਾ ਹੀ ਰਹਿ ਗਿਆ :-

ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥
ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ ॥
ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ ॥੩॥ ਅੰਗ ੪੭੪

ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੀ ਵੈਰਾਗਮਈ ਬਾਣੀ ਵਿੱਚ ਇਸ ਮੌਤ ਦੇ ਖਤਰੇ ਨੂੰ ਵਾਰ ਵਾਰ ਯਾਦ ਕਰਾਉਂਦੇ ਹਨ । ਜਿਵੇਂ :-

ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥
ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥੧॥ ਅੰਗ ੬੩੧

ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥
ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ ॥੨॥੧॥ ਸੋਰਠਿ (ਮഃ ੯)ਅੰਗ੬੩੧

ਐ ਜੀਵ, ਖਬਰਦਾਰ ਹੋ ਕਿਉਂਕਿ ਮੌਤ ਦਾ ਸੱਪ ਤੇਰੇ ਸਿਰ ਉੱਪਰ ਹਰ ਵੇਲੇ ਘੁੰਮ ਰਹਿਆ ਹੈ ਤੇ ਪਤਾ ਨਹੀਂ ਇਸ ਨੇ ਕਿਸੇ ਵੇਲੇ ਵੀ ਡੰਗ ਮਾਰਨਾ ਹੈ । ਗੁਰੂ ਜੀ ਤੋਂ ਪੁਛੀਏ ਕਿ ਫਿਰ ਕੀ ਕਰੀਏ ਤਾਂ ਉਹ ਦੱਸਦੇ ਹਨ:-

ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥ ਸੋਰਠਿ (ਮഃ ੯) – ਅੰਗ ੬੩੧

ਠੀਕ ਸਮਝ ਆਈ ਕਿ ਪ੍ਰਮਾਤਮਾ ਨਾਲ ਪ੍ਰੀਤ ਪਾਕੇ ਉਸ ਦਾ ਸਿਮਰਨ ਕਰਨਾ ਹੈ ਪਰ ਇਹ ਕਿਵੇਂ ਕਰੀਏ ? ਗੁਰੂ ਜੀ ਵੱਲੋਂ ਉੱਤਰ ਮਿਲਦਾ ਹੈ ।

ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥੧॥ ਰਹਾਉ ॥ ਅੰਗ ੬੩੧

ਬੱਸ ਗੱਲ ਏਨੀ ਹੈ ਕਿ ਰਸਨਾ ਨਾਲ 'ਵਾਹਿਗੁਰੂ?' 'ਵਾਹਿਗੁਰੂ' ਉਚਾਰਨ ਕਰੋ ਤੇ ਕੰਨਾਂ ਨਾਲ ਇਕਾਗਰ ਚਿਤ ਹੋ ਕੇ ਧਿਆਨ ਨਾਲ ਸੁਣੋ ।

**ਧੰਨਵਾਦਿ ਸਾਹਿਤ ਵਿਚੋਂ :- ਗੁਣ ਕਹਿ ਗੁਣੀ ਸਮਾਵਣਿਆ**

## ਪ੍ਰੋ: ਸਾਹਿਬ ਸਿੰਘ ਜੀ

**ਰੂਪ ਸਿੰਘ**

ਵਹਿਮਾਂ-ਭਰਮਾਂ, ਵਿਖਾਵਿਆਂ ਤੋਂ ਨਿਜਾਤ ਪ੍ਰਾਪਤ, ਸਾਦਗੀ-ਸਪੱਸ਼ਟਤਾ, ਗੰਭੀਰ ਸੁਭਾਅ ਦੇ ਮਾਲਿਕ, ਸ਼੍ਰੋਮਣੀ ਟੀਕਾਕਾਰ, ਵਿਆਕਰਣਵੇਤਾ, ਇਤਿਹਾਸਕਾਰ, ਵਾਰਤਾਕਾਰ ਪ੍ਰੋ: ਸਾਹਿਬ ਸਿੰਘ ਦਾ ਜਨਮ 16 ਫਰਵਰੀ 1892 ਈ: ਨੂੰ ਪਿਤਾ ਹੀਰਾ ਨੰਦ ਦੇ ਘਰ ਪਿੰਡ ਫੱਤੇਵਾਲੀ ਜ਼ਿਲ੍ਹਾ ਸਿਆਲਕੋਟ ਵਿੱਚ ਹੋਇਆ । ਗਰੀਬੀ ਦੀ ਗੁੜ੍ਹਤੀ ਲੈ ਜੰਮੇ ਨੱਥੂ ਰਾਮ ਨੇ ਮੁੱਢਲੀ ਵਿਦਿਆ ਰਈਏ ਦੇ ਪ੍ਰਾਇਮਰੀ ਸਕੂਲ ਵਿਚੋਂ ਪ੍ਰਾਪਤ ਕੀਤੀ । 1902 ਈ: ਨੂੰ ਮਿਡਲ ਪੱਧਰ ਦੀ ਵਿਦਿਆ ਪ੍ਰਾਪਤੀ ਦੀ ਸਿੱਕ ਲੈ ਉਹ ਗੋਤਾ ਫਤਹਿਗੜ੍ਹ ਵਿੱਚ ਦਾਖਿਲ ਹੋ ਗਏ । ਇਸ ਸਕੂਲ ਤੋਂ 1905 ਈ: ਅੱਠਵੀਂ ਪਾਸ ਕਰ ਨੱਥੂ ਰਾਮ 'ਅੰਮ੍ਰਿਤ ਛਕ' ਸਾਹਿਬ ਸਿੰਘ ਬਣ ਗਿਆ ।

20 ਜੁਲਾਈ 1907 ਈ: ਨੂੰ ਸਾਹਿਬ ਸਿੰਘ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ, ਪਰ ਮਰਨ ਤੋਂ ਪਹਿਲਾਂ ਉਨ੍ਹਾਂ ਘਰ ਵਿੱਚ ਹਦਾਇਤ ਕਰ ਦਿੱਤੀ, ਕਿ ਜਿਵੇਂ-ਕਿਵੇਂ ਹੋ ਸਕੇ, ਔਖ-ਸੌਖ ਨਾਲ ਸਾਹਿਬ ਸਿੰਘ ਨੂੰ ਦਸਵੀਂ ਕਰਵਾਈ ਜਾਏ । ਇਹ ਸੀ ਖਾਇਸ਼ ਇਕ ਗਰੀਬ ਅਨਪੜ੍ਹ ਬਾਪ ਦੀ, ਜੋ ਆਪਣੇ ਹੋਣਹਾਰ ਪੁੱਤਰ ਨੂੰ ਹਰ ਹੀਲੇ ਪੜ੍ਹਾਉਣ ਦੀ ਲਗਨ ਲੈ ਜੀਅ ਰਿਹਾ ਸੀ । ਸਾਹਿਬ ਸਿੰਘ ਤੇ ਘਰ ਦੇ ਬਾਕੀ ਮੈਂਬਰਾਂ ਨੇ ਇਸ ਨੂੰ ਪੂਰਾ ਕਰ ਪਿਤਾ ਪ੍ਰਤੀ ਰਿਣ-ਪੂਰਤੀ ਕੀਤੀ ।

ਘਰ ਦੀਆਂ ਮਜ਼ਬੂਰੀਆਂ ਤੇ ਆਰਥਿਕ ਮੰਦਹਾਲੀ ਕਾਰਨ ਸਾਹਿਬ ਸਿੰਘ ਨੂੰ 1909 ਈ: ਵਿੱਚ ਸਾਂਗਲੇ ਸਕੂਲ ਵਿੱਚ ਅਧਿਆਪਕ ਦੀ ਨੌਕਰੀ ਕਰਨੀ ਪਈ । 1910 ਈ: ਇਸ ਨੌਕਰੀ ਤੋਂ ਵੀ ਜੁਆਬ ਮਿਲ ਗਿਆ । ਪਰ 1910 ਈ: ਵਿੱਚ ਹੀ ਸਿਆਲਕੋਟ ਤੋਂ ਡਾਕਖਾਨੇ ਦੀ ਨੌਕਰੀ ਲਈ

ਇੰਟਰਵਿਊ ਦਾ ਸੱਦਾ-ਪੱਤਰ ਆ ਗਿਆ। ਘਰ ਪੈਸੇ ਨਹੀਂ ਗਰੀਬ ਨੂੰ ਉਧਾਰ ਦੇਣ ਨੂੰ ਕੋਈ ਤਿਆਰ ਨਹੀਂ। ਅਖੀਰ ਘਰ ਦੀ ਸਫਾਈ ਸੇਵਕਾਂ ਪਾਸੋਂ ਦੋ ਰੁਪਏ ਉਧਾਰ ਲੈ ਕੰਮ ਸਾਰਿਆ। ਪੈਸਿਆਂ ਦੀ ਥੁੜ ਕਾਰਨ ਇਨ੍ਹਾਂ ਨੂੰ 20 ਮੀਲ ਪੈਦਲ ਸਫਰ ਕਰਨਾ ਪਿਆ। ਮੰਦੇ ਹਾਲੀ ਪਸਰੂਰ ਤੱਕ ਦਾ ਸਫਰ ਮੁਕਾਇਆ। ਜਿਸ ਬੋਰਡਿੰਗ ਹਾਊਸ ਵਿੱਚ ਸਾਹਿਬ ਸਿੰਘ ਪੜ੍ਹ ਕੇ ਗਿਆ ਸੀ, ਉਸ ਦੇ ਸਾਹਮਣੇ ਸੜਕ ਤੇ ਰਾਤ ਕੱਟਣ ਲਈ ਮਜ਼ਬੂਰ ਸੀ। ਮਿੱਟੀ ਚ ਰੁਲਦਾ ਇਹ ਹੀਰਾ ਸ੍ਰ: ਪ੍ਰਗਟ ਸਿੰਘ ਦੀ ਨਜ਼ਰੀ ਪੈ ਗਿਆ ਜੋ ਉਸ ਸਕੂਲ ਵਿੱਚ ਅਧਿਆਪਕ ਸਨ।

ਸ੍ਰ: ਪ੍ਰਗਟ ਸਿੰਘ ਕਹਿਣ ਲੱਗੇ, ਸਾਹਿਬ ਸਿੰਘ ! ਤੇਰਾ ਕੀ ਖਿਆਲ ਹੈ ਕਿ ਇੱਕ ਸਾਲ ਵਿੱਚ ਹੀ ਤੇਰਾ ਇਥੇ ਕੋਈ ਜਾਣਕਾਰ ਨਹੀਂ ਰਿਹਾ ? ਪ੍ਰਗਟ ਸਿੰਘ ਦੀਆਂ ਅੱਖਾਂ ਸੇਜਲ ਸਨ ਤੇ ਸਾਹਿਬ ਸਿੰਘ ਵੀ ਆਪਣੀ ਗਰੀਬੀ ਉੱਤੇ ਰੋ ਰਿਹਾ ਸੀ। ਰਾਤ ਸ੍ਰ: ਪ੍ਰਗਟ ਸਿੰਘ ਦੇ ਘਰ ਬਿਤਾਈ। ਸਵੇਰੇ ਸ੍ਰ: ਪ੍ਰਗਟ ਸਿੰਘ ਪੁੱਛਣ ਲੱਗੇ, ਸਾਹਿਬ ਸਿੰਘ ਤੂੰ ਅਗਾਂਹ ਸਿਆਲਕੋਟ ਕਿਵੇਂ ਪਹੁੰਚਣਾ ਹੈ ? ਤੁਰ ਕੇ ਸਾਹਿਬ ਸਿੰਘ ਦਾ ਸੰਖੇਪ ਉੱਤਰ ਸੀ। ਮੈਂ ਤੈਨੂੰ ਤੁਰ ਕੇ ਨਹੀਂ ਜਾਣ ਦੇਵਾਂਗਾ। ਸ੍ਰ: ਪ੍ਰਗਟ ਸਿੰਘ ਨੇ ਸਾਹਿਬ ਸਿੰਘ ਨੂੰ ਦੋ ਰੁਪਏ ਦਿੱਤੇ ਤੇ ਆਪ ਟਾਂਗੇ ਤੇ ਬਿਠਾ ਕੇ ਆਏ। ਇਹੀ ਸਰਦਾਰ ਜੀ ਪਿਛੋਂ ਵੀ ਕਾਲਜ ਦੀ ਪੜ੍ਹਾਈ ਸਮੇਂ ਪ੍ਰੋਫੈਸਰ ਸਾਹਿਬ ਸਿੰਘ ਦੀ ਨਿਰੰਤਰ ਮਦਦ ਕਰਦੇ ਰਹੇ।

ਕੁਝ ਸਮਾਂ ਸਾਹਿਬ ਸਿੰਘ ਨੇ ਡਾਕਖਾਨੇ ਦੀ ਨੌਕਰੀ ਕਰ ਅਸਤੀਫਾ ਦੇ ਦਿੱਤਾ ਤਾਂ ਜੋ ਕਾਲਜ ਦਾਖਲ ਹੋ ਉਚੇਰੀ ਵਿਦਿਆ ਪ੍ਰਾਪਤ ਕੀਤੀ ਜਾ ਸਕੇ। ਇਸ ਨੌਕਰੀ ਤੋਂ ਸਾਹਿਬ ਸਿੰਘ ਨੂੰ 20 ਰੁਪਏ ਮਾਸਿਕ ਵੇਤਨ ਮਿਲਦਾ ਸੀ, ਪ੍ਰੋ: ਸਾਹਿਬ ਨੇ ਅਸਤੀਫਾ ਕਿਉਂ ਦਿੱਤਾ ? ਪ੍ਰੋਫੈਸਰ ਸਾਹਿਬ ਸਿੰਘ ਦੀ ਜ਼ਬਾਨੀ:

ਮੈਂ ਬਣਿਆ ਬਣਾਇਆ ਰੁਜ਼ਗਾਰ ਛੱਕ ਕੇ ਠੰਡੇ ਦੁੱਧ ਨੂੰ ਫੂਕਾਂ ਨਹੀਂ ਸਾਂ ਮਾਰ ਰਿਹਾ, ਨਾ ਹੀ ਮੈਨੂੰ ਕਾਲਜ ਦੇ ਰੰਗ-ਤਮਾਸ਼ਿਆਂ ਦੀ ਕੋਈ ਲਿੱਲ ਸੀ। ਅਸਲ ਗੱਲ ਇਉਂ ਸੀ-

ਘਰ ਰਹਿ ਕੇ ਮੈਨੂੰ ਪਤਾ ਲੱਗਣਾ ਸ਼ੁਰੂ ਹੋਇਆ ਕਿ ਅਸੀਂ ਤਾਂ ਕਰਜ਼ਾਈ ਹਾਂ, ਭਾਰੇ ਕਰਜ਼ੇ ਹੇਠ ਨੱਪੇ ਹੋਏ ਹਾਂ। ਉਸ ਕਰਜ਼ੇ ਦਾ ਮਾਹਵਾਰੀ ਸੂਦ ਇਤਨਾ ਸੀ ਕਿ ਮੇਰੀ ਹਰ ਮਹੀਨੇ ਦੀ ਤਨਖਾਹ ਸਿਰਫ ਸੂਦ ਵਾਸਤੇ ਵੀ ਪੂਰੀ ਨਹੀਂ ਸੀ ਉਤਰਦੀ। ਮੈਂ ਦਸੰਬਰ 1908 ਈ: ਵਿੱਚ ਦਸਵੀਂ ਦਾ ਦਾਖਲਾ ਭੇਜਿਆ ਸੀ। ਉਹ ਰੁਪਿਆ ਮੇਰੀ ਵਿਧਵਾ ਭੂਆ (ਰਾਹੀ) ਨੇ ਆਪਣੀਆਂ ਟੂੰਬਾਂ ਗਹਿਣੇ ਪਾ ਕੇ ਲੈ ਦਿੱਤਾ ਸੀ। ਤਦੋਂ ਵੀ ਕਰਜ਼ਾ ਹੀ ਚੁੱਕਿਆ ਗਿਆ ਸੀ ਤੇ ਉਹ ਭੀ ਸਾਡੇ ਸਿਰ ਸੀ। ਘਰ ਦੇ ਹੋਰ ਨਿੱਕੇ-ਮੋਟੇ ਖਰਚਾਂ ਵਾਸਤੇ ਵੀ ਵੇਲੇ-ਕੁਵੇਲੇ ਕਰਜ਼ਾ ਹੀ ਲਿਆ ਜਾਣਾ ਸੀ।

ਮੈਂ ਵੇਖ ਲਿਆ ਕਿ ਮੇਰੀ ਘਾਲ-ਕਮਾਈ ਤਾਂ ਭੰਗ ਦੇ ਭਾੜੇ ਹੀ ਜਾ ਰਹੀ ਸੀ। ਜੇ ਮੈਂ ਇਹ ਨੌਕਰੀ ਕਰੀ ਜਾਵਾਂ ਤਾਂ ਪਿਛਲਾ ਕਰਜ਼ਾ ਜਿਉਂ ਦਾ ਤਿਉਂ ਸਾਡੇ ਸਿਰ ਉੱਤੇ ਖਲੋਤਾ ਰਹਿਣਾ ਹੈ ਤੇ ਅਗੇਰੇ ਜਿਉਂ-ਜਿਉਂ ਟੱਬਰ ਦੇ ਖਰਚੇ ਵਧਣੇ ਹਨ, ਕਰਜ਼ਾ ਵੀ ਵਧਦਾ ਹੀ ਜਾਏਗਾ। ਦੂਸਰੇ ਪਾਸੇ ਜੇ ਮੈਂ ਬੀ.ਏ. ਪਾਸ ਕਰ ਜਾਵਾਂ ਤਾਂ ਇਹ ਸਾਰਾ ਕਰਜ਼ਾ ਦੋ-ਚਾਰ ਸਾਲਾਂ ਵਿੱਚ ਲਹਿ ਜਾਣ ਦੀ ਸੰਭਾਵਨਾ ਹੋ ਸਕਦੀ ਹੈ।

ਪ੍ਰੋ: ਸਾਹਿਬ ਸਿੰਘ ਨੇ ਜਿਸ ਸਮੇਂ ਡਾਕਖਾਨੇ ਦੀ ਨੌਕਰੀ ਛੱਡੀ ਤਾਂ ਉਨ੍ਹਾਂ ਪਾਸ ਦੋ ਰੁਪਏ ਨਗਦ, ਇੱਕ ਕਮੀਜ਼ ਪਜਾਮਾ ਤੇ ਇੱਕ ਅੱਧ-ਹੰਢੀ ਜੁੱਤੀ ਸੀ। ਲਾਹੌਰ ਸਰਕਾਰੀ ਕਾਲਜ ਦਾਖਲ ਹੋਣ ਲਈ ਜਦ ਪ੍ਰੋ: ਸਾਹਿਬ ਸਿੰਘ ਪੰਡਤ ਵਿਤਸਤ ਪ੍ਰਸਾਦਿ ਨੂੰ ਮਿਲੇ ਤਾਂ ਪੰਡਿਤ ਜੀ ਕਹਿਣ ਲੱਗੇ, ਅੱਜ ਤੂੰ ਆਪਣਾ ਸਮਾਨ ਰਾਮ ਨੱਥਾ ਮੱਲ ਦੇ ਕੋਲ ਹੀ ਰੱਖ ਲੈ, ਭਲਕੇ ਤੈਨੂੰ ਕਾਲਜ਼ ਦਾਖਲ ਕਰਵਾ ਦਿਆਂਗਾ। ਪਰ ਸਾਹਿਬ ਸਿੰਘ ਪਾਸ ਰੱਖਣ ਲਈ ਹੈ ਹੀ ਕੀ ਸੀ ? ਉਨ੍ਹਾਂ ਪਾਸ ਜੋ ਸਮਾਨ ਸੀ, ਉਸ ਨੂੰ ਕਿਤੇ ਰੱਖਣ

ਦੀ ਲੋੜ ਹੀ ਨਹੀਂ ਸੀ । ਪੰਡਿਤ ਜੀ ਬੜੇ ਹੈਰਾਨ ਹੋਏ ਤੇ ਕਹਿਣ ਲੱਗੇ, ਹੱਛਾ ਭਲਕੇ ਸਵੇਰੇ ਆ ਜਾਈਂ, ਪਹਿਲਾਂ ਮੈਂ ਤੇਰੇ ਵਾਸਤੇ ਕਪੜੇ ਤਿਆਰ ਕਰਾਵਾਂਗਾ ਤੇ ਫਿਰ ਤੈਨੂੰ ਕਾਲਜ਼ ਦਾਖਲ ਕਰਵਾ ਦਿਆਂਗਾ ।

ਅਗਲੇ ਦਿਨ ਪੰਡਿਤ ਜੀ ਨੇ ਸਾਹਿਬ ਸਿੰਘ ਨੂੰ ਤਿੰਨ ਪਜ਼ਾਮੇ ਕਮੀਜ਼ ਸਵਾ ਕੇ ਦਿੱਤੇ ਤੇ ਸਰਕਾਰੀ ਕਾਲਜ ਵਿੱਚ ਆਪਣੇ ਰਸੂਖ ਨਾਲ ਅੱਧੀ ਫੀਸ ਮਾਫ ਕਰਵਾ ਦਿੱਤੀ । ਵਾਹ ਹਮਦਰਦੋ ! ਵਾਹ!

ਸਰਕਾਰੀ ਕਾਲਜ਼ ਲਾਹੌਰ ਵਿੱਚ ਪੜ੍ਹਨਾ ਕੋਈ ਅਸਾਨ ਕੰਮ ਨਹੀਂ ਸੀ । ਕਾਲਜ਼ ਵਿੱਚ ਪੜ੍ਹਦੇ ਤੇ ਐਸ਼ੋ-ਇਸ਼ਰਤ ਕਰਦੇ ਸਨ ਅਮੀਰਾਂ ਜਗੀਰਦਾਰਾਂ ਦੇ ਲੜਕੇ । ਗਰੀਬਾਂ ਲਈ ਕਾਲਜਾਂ ਵਿੱਚ ਕੋਈ ਥਾਂ ਨਹੀਂ । ਇਹ ਉਸ ਸਮੇਂ ਵੀ ਸੱਚ ਸੀ ਤੇ ਅੱਜ ਵੀ । ਪਰ ਪ੍ਰੋ: ਸਾਹਿਬ ਸਿੰਘ ਨਾਲ ਜੋ ਬੀਤੀ, ਉਸ ਦਾ ਅੰਦਾਜ਼ਾ ਹੇਠਲੇ ਵਾਰਤਾਲਾਪ ਤੋਂ ਸਹਿਜੇ ਹੀ ਹੋ ਜਾਂਦਾ ਹੈ:

ਮੈਂ ਪੁੱਛਿਆ, ਹਜ਼ਾਰਾ ਸਿੰਘ ਜੀ ! ਕਦੋਂ ਚਲਣਾ ਹੈ ਲਾਹੌਰ ਨੂੰ ? ਮੈਨੂੰ ਕਹਿਣ ਲੱਗਾ, "ਕਿਉਂ ! ਤੂੰ ਕਿਉਂ ਪੁੱਛਦਾ ਹੈ ? ਮੈਂ ਉੱਤਰ ਦਿੱਤਾ, ਮੈਂ ਵੀ ਬੀ.ਏ. ਕਰਨ ਵਾਸਤੇ ਗਵਰਨਮੈਂਟ ਕਾਲਜ ਵਿੱਚ ਹੀ ਦਾਖਲਾ ਲੈਣਾ ਹੈ ।" ਹਜ਼ਾਰਾ ਸਿੰਘ ਨੇ ਮੈਥੋਂ ਇਹ ਸੁਣ ਕੇ ਬੜਾ ਨੱਕ ਚੜ੍ਹਾਇਆ ਤੇ ਕਹਿਣ ਲੱਗਾ, "ਸ਼ਕਲ ਤਾਂ ਵੇਖ ! ਗਵਰਨਮੈਂਟ ਕਾਲਜ ਵਿੱਚ ਦਾਖਲ ਹੋਣ ਵਾਲੇ ਦੀ । ਤੂੰ ਦਸ ਸਾਲ ਇੱਕ ਕੋਟ ਨਾਲ ਗੁਜ਼ਾਰੇ ਹਨ ਤੇ ਉਥੇ ਲੜਕੇ ਇਕ ਦਿਨ ਵਿੱਚ ਦਸ-ਦਸ ਕੋਟ ਬਦਲਦੇ ਹਨ । ਜਾਤ ਦੀ ਕੋਹੜ ਕਿਰਲੀ ਤੇ ਸ਼ਤੀਰਾਂ ਨਾਲ ਜੱਫੇ !"

ਗੱਲ ਸੱਚੀ ਆਖੀ ਸੀ ਪਰ ਮੈਨੂੰ ਜਰਾ ਚੋਭ ਲੱਗੀ । ਮੈਂ ਕਿਹਾ, 'ਹਜ਼ਾਰਾ ਸਿੰਘ ਜੀ ! ਮੈਂ ਉਥੇ ਸਿਰਫ ਪੜ੍ਹਨ ਜਾਣਾ ਹੈ, ਕੋਟ ਪਾਉਣ ਦੀ ਜਾਚ ਸਿੱਖਣ ਨਹੀਂ ।

ਠੀਕ ਹੀ ਪ੍ਰੋ: ਸਾਹਿਬ ਸਿੰਘ ਕਾਲਜ ਵਿੱਚ ਪੜ੍ਹਨ ਗਏ ਸਨ ਤੇ ਉਨ੍ਹਾਂ ਪੜ੍ਹ ਕੇ ਵਿਖਾਇਆ ਵੀ । ਉਨ੍ਹਾਂ ਦਾ ਪੜ੍ਹਨ ਜਾਣਾ ਤੇ ਪੜ੍ਹਨਾ ਕਿਤਨਾ ਪ੍ਰੇਰਨਾਮਈ ਹੈ ਸਾਡੇ ਵਰਗੇ ਹਜ਼ਾਰਾਂ ਗਰੀਬਾਂ ਲਈ ਜਿਹੜੇ 21ਵੀਂ ਸਦੀ ਦੀ ਦਲੀਜ਼ ਤੇ ਖੜ੍ਹੇ ਗੁਰਬਤ ਵਾਲਾ ਜੀਵਨ ਜਿਉਂ ਰਹੇ ਹਨ । ਪਰ ਨਿਸ਼ਾਨਾ ਤੇ ਲਗਨ ਸਾਹਿਬ ਸਿੰਘ ਵਾਲੀ ਲੈ ਕੇ ਚੱਲਣਾ ਪਵੇਗਾ । ਲੂਣ-ਮਿਰਚ ਖਾਈਏ ਤੇ ਨੱਕ ਦੀ ਸੇਧ ਜਾਈਏ ਤਾਂ ਪੜ੍ਹਨਾ ਮੁਸ਼ਕਿਲ ਕੰਮ ਨਹੀਂ ।

ਬੀ.ਏ. ਕਰਨ ਉਪਰੰਤ ਇਨਾਂ ਦੀ 8 ਸਤੰਬਰ 1915 ਈ: ਨੂੰ ਖਾਲਸਾ ਹਾਈ ਸਕੂਲ ਫਰੂਕਾ ਵਿੱਚ ਅਧਿਆਪਕ ਦੀ ਨਿਯੁਕਤੀ ਹੋ ਗਈ । ਇਸ ਸੇਵਾ ਲਈ ਇਨ੍ਹਾਂ ਨੂੰ 75 ਰੁਪਏ ਮਾਸਿਕ ਵੇਤਨ ਤੇ 12 ਰੁਪਏ ਮਾਸਿਕ ਬੋਰਡਿੰਗ ਹਾਊਸ ਦੇ ਸੁਪਰੰਟੈਂਡੰਟ ਦੀ ਸੇਵਾ ਦਾ ਸੇਵਾ-ਫਲ ਮਿਲਦਾ ਸੀ । ਮਈ 1917 ਈ: ਵਿੱਚ ਸਾਹਿਬ ਸਿੰਘ ਨੇ ਇਸ ਤਨਖਾਹ ਨਾਲ ਘਰ ਦਾ ਸਾਰਾ ਕਰਜ਼ਾ ਉਤਾਰਿਆ ਅਤੇ ਭੂਆ ਰਾਧੀ ਦੀਆਂ ਗਹਿਣੇ ਪਈਆਂ ਟੂੰਬਾਂ ਛੁਡਵਾਈਆਂ । ਗੁਰੂ ਨਾਨਕ ਖਾਲਸਾ ਕਾਲਜ ਗੁਜ਼ਰਾਂਵਾਲਾ ਵਿੱਚ ਇਨ੍ਹਾਂ ਦੀ ਨਿਯੁਕਤੀ 1917 ਈ: ਵਿੱਚ ਹੋ ਗਈ । ਚਾਰ ਸਾਲ ਇਥੇ ਸੇਵਾ ਕਰ ਇਥੋਂ ਵੀ ਅਸਤੀਫਾ ਦੇ ਦਿੱਤਾ । 20 ਜੁਲਾਈ 1921 ਈ: ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਬਤੌਰ ਮੀਤ ਸਕੱਤਰ ਵਜੋਂ ਸੇਵਾ ਸ਼ੁਰੂ ਕਰ ਦਿੱਤੀ । ਦਸੰਬਰ 1920 ਈ: ਵਿੱਚ ਪ੍ਰੋ: ਸਾਹਿਬ ਸਿੰਘ ਨੂੰ ਪਹਿਲੀ ਵਾਰ ਗੁਰਬਾਣੀ ਵਿਆਕਰਣ ਦੀ ਸਮਝ ਲੱਗੀ ਸੀ ਜਦ ਉਹ ਰਾਮਕਲੀ ਦੀ ਵਾਰ ਮਹਲਾ ਪੰਜਵਾਂ ਦਾ ਪਾਠ ਕਰਦਿਆਂ ਇਕੋ ਹੀ ਲਫਜ਼ "ਆਹਰ" ਨੂੰ ਤਿੰਨ ਵੱਖ-ਵੱਖ ਰੂਪਾਂ ਵਿੱਚ ਦੇਖਿਆ :

ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ ॥
ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ ॥੨॥ ਅੰਗ ੯੬੫

ਪਰ ਦਫਤਰੀ ਕੰਮ ਤੇ ਗੁਰਬਾਣੀ ਵਿਆਕਰਣ ਦੀ ਸਮਝ ਦੇ ਆਪਸ ਵਿਰੋਧੀ ਕੰਮ ਸਨ । ਗੁਰੂ ਕੇ ਬਾਗ ਦੇ ਮੋਰਚੇ ਸਮੇਂ ਇਨ੍ਹਾਂ ਨੂੰ ਜੇਲ੍ਹ ਯਾਤਰਾ ਵੀ ਕਰਨੀ ਪਈ । ਦਫਤਰ ਦੇ ਕੰਮ ਤੋਂ ਸੁਤੰਤਰ ਹੋ ਗਏ

ਸਨ, ਹੁਣ ਪ੍ਰੋ: ਸਾਹਿਬ ਨੇ ਜੇਲ੍ਹ ਵਿੱਚ ਆਪਣਾ ਸਾਰਾ ਸਮਾਂ ਗੁਰਬਾਣੀ ਵਿਆਕਰਣ ਨੂੰ ਸਮਝਣ ਵਾਲੇ ਪਾਸੇ ਲੱਗਾ ਦਿੱਤਾ। ਜੇਲ੍ਹ ਦਾ ਵਿਹਲ ਇਨ੍ਹਾਂ ਲਈ ਰਾਸ ਆ ਗਿਆ। ਜੇਲ੍ਹ ਦੀ ਰਿਹਾਈ ਤੋਂ ਪਿਛਲੇ ਦਫਤਰੀ ਕੰਮ ਸ਼ੁਰੂ ਹੋ ਗਿਆ। ਅਖੀਰ ਇਨ੍ਹਾਂ 13 ਸਤੰਬਰ 1927 ਈ: ਵਿੱਚ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਦੀ ਪਦਵੀ ਤੋਂ ਅਸਤੀਫਾ ਦੇ ਦਿੱਤਾ। ਮੀਤ ਸਕੱਤਰ ਵਜੋਂ ਇਨ੍ਹਾਂ ਨੂੰ ਉਸ ਸਮੇਂ 250 ਰੁਪਏ ਮਾਸਿਕ ਤਨਖਾਹ ਮਿਲਦੀ ਸੀ। ਪਰ ਇਨ੍ਹਾਂ ਦਫਤਰੀ ਕੰਮ ਤੋਂ ਨਿਜਾਤ ਪ੍ਰਾਪਤ ਕਰਨ ਲਈ ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲੇ ਵਿੱਚ 150 ਰੁਪਏ ਮਾਸਿਕ ਹੀ ਪ੍ਰਵਾਨ ਕਰ ਲਏ। ਇਹ ਗਿਆਨ-ਪ੍ਰਾਪਤੀ ਦੀ ਸਿੱਕ ਤੇ ਕੁਝ ਕਰ ਗੁਜ਼ਰਨ ਦੀ ਜਗਿਆਸਾ ਦੀ ਚਰਮ ਸੀਮਾਂ ਹੀ ਕਹੀ ਜਾ ਸਕਦੀ ਹੈ।

1929 ਈ: ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਸੱਦਾ ਪੱਤਰ ਮਿਲਣ ਤੇ ਪ੍ਰੋ: ਸਾਹਿਬ ਸਿੰਘ ਨੂੰ ਗੁਜ਼ਰਾਂਵਾਲਾ ਕਾਲਜ ਤੋਂ ਵਿਹਲਾ ਕਰ ਦਿੱਤਾ ਗਿਆ। ਪਰ ਦੇਖੋ ਗਰੀਬ ਦੀ ਦੁਨੀਆਂ ਕਿ ਅੱਗੋਂ ਖਾਲਸਾ ਕਾਲਜ ਵਾਲਿਆਂ ਨੇ ਰਾਜਨੀਤਕ ਕਾਰਨਾਂ ਕਰਕੇ ਸਰਵਿਸ ਤੋਂ ਇਨਕਾਰ ਕਰ ਦਿੱਤਾ। ਸਾਹਿਬ ਸਿੰਘ ਹੁਣ ਫਿਰ ਵਿਹਲਾ ਸੀ। ਮਜਬੂਰੀ ਵਸ ਸਾਹਿਬ ਸਿੰਘ ਨੂੰ ਦੁਬਾਰਾ ਸ਼੍ਰੋਮਣੀ ਕਮੇਟੀ ਵਿੱਚ ਸੁਪਰਡੈਂਟ ਦੀ ਪਦਵੀ ਤੇ ਸੇਵਾ ਕਰਨੀ ਪਈ ਪਰ ਹੁਣ 150 ਰੁਪਏ ਮਾਸਕ ਵੇਤਨ ਤੇ ਹੀ ਸਬਰ ਕਰਨਾ ਪਿਆ। ਗਰੀਬੀ ਤੇ ਮਜਬੂਰੀ ਕੀ ਕੀ ਨਹੀਂ ਕਰਵਾਉਂਦੀ।

ਇੱਕ ਵਾਰ ਪ੍ਰੋ: ਸਾਹਿਬ ਸਿੰਘ ਨੂੰ ਸੁਪਨਾ ਆਇਆ ਕਿ ਮੈਂ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਪ੍ਰੋਫੈਸਰ ਲੱਗ ਗਿਆ ਹਾਂ। ਦਰਿਆ-ਦਿਲ ਸਾਹਿਬ ਸਿੰਘ ਨੇ ਸੁਪਨੇ ਸੰਬੰਧੀ ਖਾਲਸਾ ਕਾਲਜ ਦੇ ਪ੍ਰਿੰਸੀਪਲ ਨੂੰ ਪੱਤਰ ਲਿਖ ਭੇਜਿਆ ਕਿ ਮੈਨੂੰ ਕਾਲਜ ਵਿੱਚ ਪ੍ਰੋਫੈਸਰ ਰੱਖ ਲਿਆ ਜਾਵੇ। ਪ੍ਰਿੰਸੀਪਲ ਖਾਲਸਾ ਕਾਲਜ ਦਾ ਉੱਤਰ ਸੀ "I do not believe in dreams"

ਖੈਰ! ਸ਼ਾਹਿਬ ਸਿੰਘ ਨੇ ੪ ਨਵੰਬਰ ੧੯੨੯ ਈ: ਤੋਂ ੧੨ ਅਕਤੂਬਰ ੧੯੫੨ ਈ: ਤੱਕ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਲਗਾਤਾਰ ਪ੍ਰੋਫੈਸਰ ਵਜੋਂ ਸੇਵਾ ਕਰਨ ਦਾ ਸੁਪਨਾ ਸਾਕਾਰ ਕਰ ਦਿਖਾਇਆ। ਪਰ ਪ੍ਰੋ: ਸਾਹਿਬ ਹੁਣ ਵੀ ਬਹੁਤ ਅਮੀਰ ਨਹੀਂ ਸੀ ਹੋ ਸਕੇ। ਕੇਵਲ ਗੁਜ਼ਾਰਾ ਠੀਕ-ਠਾਕ ਹੋਣ ਲੱਗ ਪਿਆ ਸੀ। ਇਸ ਦਾ ਇਕ ਕਾਰਨ ਇਨ੍ਹਾਂ ਦੀ ਆਪਣੀ ਗਿਆਨ-ਪ੍ਰਾਪਤੀ ਦੀ ਅਮੁੱਕ ਜਗਿਆਸਾ, ਤੇ ਦੂਸਰਾ, ਬੱਚਿਆਂ ਨੂੰ ਉਚੇਰੀ ਵਿਦਿਆ ਦਿਵਾਉਣ ਦਾ ਨਿਸ਼ਾਨਾ। ਪ੍ਰੋ: ਸਾਹਿਬ ਸਿੰਘ ਦੀ ਜ਼ਬਾਨੀ ਇਕ ਵਾਕਿਆ:

"ਇਕ ਵਾਰੀ ਮੇਰੇ ਵੱਡੇ ਲੜਕੇ ਨੇ ਮੈਨੂੰ ਆਖਿਆ, ਭਾਈਆ ਜੀ ! ਇਹ ਕੋਟ ਨਾ ਪਾਇਆ ਕਰੋ, ਇਹ ਚੰਗਾ ਨਹੀਂ ਲੱਗਦਾ, ਇਸ ਦਾ ਰੰਗ ਖਰਾਬ ਹੋ ਗਿਐ।" ਮੈਂ ਉੱਤਰ ਦਿੱਤਾ, ਕਰਤਾਰ ! ਇਤਨੀ ਤਨਖਾਹ ਨਾਲ ਦੋਵੇਂ ਗੱਲਾਂ ਨਹੀਂ ਹੋ ਸਕਦੀਆਂ, ਕਿ ਤੁਸੀਂ ਪੜ੍ਹੋ ਵੀ ਤੇ ਮੈਂ ਚੰਗੀ ਕੋਟ ਭੀ ਪਾਵਾਂ। ਮੇਰੇ ਕੋਟ ਜ਼ਰੂਰੀ ਨਹੀਂ। ਤੁਹਾਡੀ ਪੜ੍ਹਾਈ ਵਧੀਕ ਜ਼ਰੂਰੀ ਹੈ। ਵਾਹ ! ਪ੍ਰੋਫੈਸਰ ਸਾਹਿਬ, ਵਾਹ !

1954 ਈ: ਵਿੱਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਨਵੇਂ ਸਿਰਿਓਂ ਖੁਲ੍ਹਿਆ ਤਾਂ ਇਨ੍ਹਾਂ ਦੀ ਨਿਯੁਕਤੀ ਪ੍ਰਿੰਸੀਪਲ ਵਜੋਂ ਹੋ ਗਈ। 15 ਮਈ 1962 ਈ: ਨੂੰ ਇਸ ਸੇਵਾ ਤੋਂ ਵੀ ਅਸਤੀਫਾ ਦੇ ਦਿੱਤਾ। 1968 ਈ: ਵਿੱਚ ਇਨ੍ਹਾਂ ਦੇ ਲੜਕੇ ਡਾ: ਦਲਜੀਤ ਸਿੰਘ ਦੀ ਬਦਲੀ ਪਟਿਆਲੇ ਹੋ ਗਈ, ਜਿਸ ਕਰਕੇ ਪ੍ਰੋ: ਸਾਹਿਬ ਸਿੰਘ ਨੂੰ ਪਟਿਆਲੇ ਜਾਣਾ ਪਿਆ। ਉਥੇ ਵੀ ਵਿਹਲੇ ਨਹੀਂ ਰਹੇ, ਸਗੋਂ ਪ੍ਰਿੰਸੀਪਲ ਸਤਿਬੀਰ ਸਿੰਘ ਦੇ ਕਹਿਣ ਤੇ ਗੁਰਮਤਿ ਕਾਲਜ ਵਿੱਚ ਇੱਕ ਪੀਰਡ ਲੈਣ ਲੱਗ ਪਏ।

ਪ੍ਰੋ: ਸਾਹਿਬ ਸਿੰਘ ਜੀ ਦੀ ਸਾਹਿਤ ਸਿਰਜਣਾ ਨੂੰ ਬਿਆਨਣਾ ਇਸ ਲੇਖ ਵਿੱਚ ਅਸੰਭਵ ਹੈ। ਉਨ੍ਹਾਂ ਨੇ ਗੁਰਬਾਣੀ ਵਿਆਕਰਣ, ਗੁਰੂ ਗ੍ਰੰਥ ਸਾਹਿਬ ਦਰਪਣ, 40 ਕਰੀਬ ਧਾਰਮਿਕ-ਇਤਿਹਾਸਿਕ ਮਹੱਤਤਾ ਵਾਲੀਆਂ ਪੁਸਤਕਾਂ ਰਚਕੇ ਗੁਰਮਤਿ ਸਾਹਿਤ ਨੂੰ ਅਮੀਰ ਕੀਤਾ।

ਪ੍ਰੋ: ਸਾਹਿਬ ਸਿੰਘ ਦੀ ਸਿੱਖੀ ਪ੍ਰਤੀ ਪ੍ਰੀਤ ਤੇ ਗੁਰਮਤਿ ਵਿੱਚ ਅਪਾਰ ਨਿਸ਼ਨਾ ਦਾ ਅੰਦਾਜ਼ਾ ਪ੍ਰੋਫੈਸਰ ਸਾਹਿਬ ਦੇ ਜੀਵਨ-ਦਰਸ਼ਨ ਤੇ ਕਿਰਤਾਂ ਤੋਂ ਸਹਿਜੇ ਹੀ ਹੋ ਜਾਂਦਾ ਹੈ। ਗੁਰਬਾਣੀ ਪ੍ਰਤੀ ਉਨ੍ਹਾਂ ਦੇ ਝੁਕਾਅ ਤੇ ਲਗਾਓ ਦਾ ਪ੍ਰਗਟਾਵਾ ਕਰਦੀ ਇਕ ਛੋਟੀ ਜਿਹੀ ਘਟਨਾ ਪਾਠਕਾਂ ਦੀ ਸੇਵਾ ਵਿੱਚ ਹਾਜ਼ਰ ਕਰਨੀ ਜ਼ਰੂਰੀ ਸਮਝਦਾ ਹਾਂ:

ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵੱਲੋਂ ਪ੍ਰੋ: ਸਾਹਿਬ ਨੂੰ ਪੰਜਾਬੀ ਦੀਆਂ ਵਿਆਕਰਣਾਂ ਦਾ ਸੈੱਟ ਤਿਆਰ ਕਰਨ ਲਈ ਬੇਨਤੀ ਕੀਤੀ ਜਿਸ ਬਦਲੇ ਇਨ੍ਹਾਂ ਨੂੰ 20,000 ਰੁਪਏ ਸੇਵਾ-ਫਲ ਦਿੱਤਾ ਜਾਣਾ ਸੀ, ਪਰ ਇਨ੍ਹਾਂ ਕਹਿ ਇਨਕਾਰ ਕਰ ਦਿੱਤਾ, 'ਮੇਰੇ ਪਾਸ ਜੋ ਸਮਾਂ ਹੈ ਉਸ ਦਾ ਇਕ-ਇਕ ਪਲ ਗੁਰੂ ਲਈ ਹੈ, ਵਿਆਕਰਣਾਂ ਲਿਖ ਕੇ ਪੈਸੇ ਕਮਾਉਣ ਲਈ ਹੋਰ ਬਥੇਰੇ!"

ਪ੍ਰੋ: ਸਾਹਿਬ ਸਿੰਘ ਵਰਗੇ ਅਮੁੱਲੇ ਲਾਲ ਧਰਤੀ ਤੇ ਕਦੀ-ਕਦੀ ਹੀ ਆਇਆ ਕਰਦੇ ਹਨ ਜੋ ਆਪਣੀ ਘਾਲ-ਕਮਾਈ ਨਾਲ ਨਵੇਂ ਕੀਰਤੀ ਮਾਨ ਸਥਾਪਿਤ ਕਰ, ਮਾਨਵਤਾ ਲਈ ਪਥ-ਪ੍ਰਦਰਸ਼ਨ ਕਰਦੇ ਹਨ। ਅਜਿਹੀ ਪ੍ਰਤਿਭਾ ਨੂੰ ਬਾਰ-ਬਾਰ ਯਾਦ ਕਰ, ਪ੍ਰੇਰਨਾ ਲੈ ਜੀਵਨ ਵਿੱਚ ਅਪਨਾਉਣਾ ਹੀ ਯੋਗ ਹੈ।

**ਧੰਨਵਾਦਿ ਸਾਹਿਤ ਵਿਚੋਂ :- ਪ੍ਰਮੁੱਖ ਸਿੱਖ ਸ਼ਖ਼ਸੀਅਤਾਂ**

# ਮੁਆਫ਼ੀਨਾਮਾ

ਸੇਵਾ ਵਿਖੇ,

ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਧਾਰਮਿਕ ਪਿਤਾ ਜੀ

ਖਾਲਸਾ ਪੰਥ।

**ਵਿਸ਼ਾ : '<u>ਇਨ ਪੁਤਰਨ'ਵਿੱਚ ਨਾ ਆਉਣ ਸੰਬੰਧੀ 'ਮੁਆਫ਼ੀਨਾਮਾ'</u>**

ਗੁਰੂ ਪਿਤਾ ਜੀ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

ਜਾਣੀ-ਜਾਣ, ਅੰਤਰਜਾਮੀ ਗੁਰੂ ਪਿਤਾ ਜੀ ! ਤੁਸੀਂ ਜਾਣਦੇ ਹੀ ਹੋ ਕਿ ਤੁਹਾਨੂੰ ਫ਼ਤਹਿ ਬੁਲਾਉਣ ਲੱਗਿਆਂ ਮੇਰੀ ਨੀਵੀਂ ਕਿਉਂ ਪਈ ਹੋਈ ਹੈ ? ਤੁਸੀਂ ਟੁੱਟੀ ਗੰਢਣ ਵਾਲੇ ਹੋ ! ਇਸ ਦਾ ਮੈਨੂੰ ਪਤਾ ਹੈ। ਪਰ ਗੁਰੂ ਪਿਤਾ ਜੀ, "ਤੂੰ ਮੇਰਾ ਗੁਰੂ ਨਹੀਂ ਤੇ ਮੈਂ ਤੇਰਾ ਸਿੱਖ ਨਹੀਂ", ਇਹ ਇਕ ਵਾਰ ਕਹਿਣ ਵਾਲਿਆਂ ਨੇ ਤਾਂ ਆਪਣਾ ਸਭ ਕੁਝ ਤੁਹਾਨੂੰ ਸਮਰਪਿਤ ਕਰ ਦਿੱਤਾ ਅਤੇ ਤੁਹਾਡੇ ਕੋਲੋਂ 'ਮੁਕਤਿਆਂ' ਦਾ ਖਿਤਾਬ ਲੈ ਲਿਆ ਅਤੇ ਉਹਨਾਂ ਨੇ ਸਦਾ ਲਈ ਆਪਣੀ 'ਟੁੱਟੀ' ਤੁਹਾਡੇ ਕੋਲੋਂ 'ਗੰਢਵਾ' ਲਈ। ਪਰ ਗੁਰੂ ਪਿਤਾ ਜੀ ਸੋਚ ਰਿਹਾ / ਰਹੀ ਸਾਂ ਕਿ ਇੱਕ ਵਾਰ ਕਹਿਣਾ ਤੇ ਵਾਰ-ਵਾਰ ਕਹਿਣਾ ਇਸ ਵਿੱਚ ਬਹੁਤ ਫ਼ਰਕ ਹੈ। ਮੈਂ ਤਾਂ ਹਰ ਰੋਜ ਅਵਗੁਣ ਕਮਾਉਂਦਾ/ਕਮਾਉਂਦੀ ਹਾਂ, ਤੇਰੇ ਹੁਕਮਾਂ ਦੀ ਉਲੰਘਣਾ ਕਰਦਾ/ਕਰਦੀ ਹਾਂ, ਮੇਰੇ ਤਾਂ ਬੇਦਾਵਿਆਂ ਦੇ ਵੀ ਬੰਡਲ ਬੰਨ੍ਹੇ ਹਨ ਅਤੇ ਮੇਰੇ ਮਨ ਵਿੱਚ ਤਾਂ ਭੁੱਲ ਦਾ ਅਹਿਸਾਸ ਵੀ ਨਹੀਂ ਹੈ, ਕਿਉਂਕਿ 'ਭੁੱਲਾਂ ਦਾ ਅਹਿਸਾਸ' ਕਰਨ ਵਾਲੇ ਤਾਂ ਕੁਝ ਕਰਕੇ ਹੀ ਮੁਆਫ਼ੀ ਮੰਗਦੇ ਹਨ ਤੇ ਮੈਂ ਤੇ ਬਿਨਾਂ ਕੁਝ ਕੀਤੇ ਤੇ ਬੇਸ਼ਰਮਾ ਵਾਂਗ ਮੁਆਫ਼ੀਨਾਮਾ ਲਿੱਖ ਰਿਹਾ/ਰਹੀ ਹਾਂ

। ਗੁਰੂ ਪਿਤਾ ਜੀ, ਤਲਵੰਡੀ ਸਾਬੋ ਵਿਖੇ ਜਦੋਂ ਮਾਤਾ ਜੀ ਨੇ ਆਪ ਜੀ ਕੋਲੋਂ ਪੁੱਛਿਆ ਕਿ "ਸਾਹਿਬਜ਼ਾਦੇ ਕਿੱਥੇ ਹਨ ?" ਮਾਂ ਜੀ (ਮਾਤਾ ਗੁਜਰ ਕੌਰ) ਕਿੱਥੇ ਹਨ ?" ਤਾਂ ਤੁਸੀਂ ਬੜਾ (ਬਹੁਤ) ਵੱਡਾ ਮਾਣ ਕਰਕੇ ਸਾਡੇ ਵੱਲ ਹੱਥ ਕਰਕੇ ਇਹ ਕਿਹਾ ਕਿ "ਇਨ ਪੁਤਰਨ (ਇਹਨਾਂ ਪੁੱਤਰ/ਧੀਆਂ) ਕੇ ਸੀਸ ਪਰ...ਜੀਵਤ ਕਈ ਹਜ਼ਾਰ।"

ਗੁਰੂ ਪਿਤਾ ਜੀ ਇਕ ਪ੍ਰਚਾਰਕ (ਜੋ ਤੁਹਾਡੇ 'ਇਨ ਪੁਤਰਨ' ਵਿੱਚ ਆਉਂਦਾ ਹੈ) ਨੇ ਇਹ ਦੱਸਿਆ ਕਿ 'ਵਾਰਨਾ' ਲਫਜ਼ ਬਹੁਤ ਵੱਡਾ ਹੁੰਦਾ ਹੈ ਕਿਉਂਕਿ ਜਿਹੜੀ ਚੀਜ਼ ਵਾਰੀ ਜਾਵੇ ਉਸ ਨੂੰ ਵਾਰਨ ਛੋਟਾ ਸਮਝਦਾ ਹੈ ਅਤੇ ਜਿਸ ਉੱਤੇ ਵਾਰੀ ਜਾਵੇ, ਉਸ ਨੂੰ ਵੱਡਾ ਸਮਝਦਾ ਹੈ (ਜਿਵੇਂ ਵਿਆਹ ਵੇਲੇ ਆਪਾਂ ਬੱਚਿਆਂ ਉਪਰੋਂ ਨੋਟ ਵਾਰਦੇ ਹਾਂ, ਪੈਸੇ ਨੂੰ ਘੱਟ ਅਹਿਮੀਅਤ ਦਿੰਦੇ ਹਾਂ, ਜਿਸ ਉਪਰੋਂ ਵਾਰ ਰਹੇ ਹਾਂ, ਉਹਨਾਂ ਨੂੰ ਜ਼ਿਆਦਾ ਅਹਿਮੀਅਤ ਦਿੰਦੇ ਹਾਂ)।

ਗੁਰੂ ਪਿਤਾ ਜੀ ਤੁਸੀਂ ਸਾਡੇ ਉਪਰੋਂ ਸਾਹਿਬਜ਼ਾਦੇ 'ਵਾਰ' ਦਿੱਤੇ । ਬੇਸ਼ੱਕ ਤੁਸੀਂ ਸਾਹਿਬਜ਼ਾਦਿਆਂ ਨੂੰ ਵੀ ਬਹੁਤ ਪਿਆਰ ਕਰਦੇ ਹੋ (ਸੀ) ਪਰ ਸਾਡੇ ਉਪਰੋਂ 'ਵਾਰ' ਕੇ ਤੁਸੀਂ ਸਾਨੂੰ ਜ਼ਿਆਦਾ ਅਹਿਮੀਅਤ ਦਿੱਤੀ ਸੀ । ਪਰ ਮੈਂ/ਅਸੀਂ ਅਕ੍ਰਿਤਘਣਾਂ ਦੇ ਵਾਂਗ ਤੁਹਾਡੇ ਹੁਕਮਾਂ ਦੀ ਉਲੰਘਣਾ ਕਰਦਿਆਂ ਹੋਇਆਂ 'ਬਦਾਵਿਆਂ ਦੇ ਬੰਡਲ' ਬੰਨ੍ਹ ਲਏ। ਕੁਝ ਦਾ ਜ਼ਿਕਰ ਹੀ ਕਰ ਰਿਹਾ ਹਾਂ 'ਮੁਆਫ਼ੀਨਾਮੇ' ਵਿੱਚ। ਕਿਉਂਕਿ ਜ਼ਿਆਦਾ ਲਿਖਦਿਆਂ ਸ਼ਰਮ ਆਉਂਦੀ ਹੈ।

1. ਗੁਰੂ ਪਿਤਾ ਜੀ ਤੁਸੀਂ 9 ਸਾਲ ਦੀ ਉਮਰ ਵਿੱਚ ਆਪਣੇ ਪਿਤਾ (ਗੁਰੂ ਤੇਗ ਬਹਾਦਰ ਜੀ) ਨੂੰ ਮਨੁੱਖੀ ਅਧਿਕਾਰਾਂ ਦੀ ਆਜ਼ਾਦੀ ਲਈ ਕੁਰਬਾਨ ਹੋਣ ਲਈ 'ਧਰਮ ਦੀ ਚਾਦਰ' ਬਣਾ ਕੇ ਦਿੱਲੀ ਵੱਲ ਤੋਰਿਆ, ਉਦੋਂ ਹੀ ਮਨੁੱਖਤਾ ਪ੍ਰਤੀ ਤੁਹਾਡਾ ਪਿਆਰ ਜੱਗ ਜ਼ਾਹਰ ਹੋ ਗਿਆ। ਪਰ ਅਸੀਂ ਸਿੱਖ/ਸਿੰਘ ਕਹਾਉਣ ਵਾਲੇ, (ਜਿਨ੍ਹਾਂ ਨੂੰ ਤੁਸੀ "ਇਨ ਪੁਤਰਨ" ਕਿਹਾ) ਤੇਰੇ ਪਿਆਰ ਦਾ ਅਹਿਸਾਸ ਨਾ ਕਰ ਸਕੇ ਤਾਂ ਜਿਨ੍ਹਾਂ ਵਿਰੋਧੀ ਵਿਚਾਰਾਂ ਖਾਤਰ ਤੁਸੀਂ ਆਪਣੇ ਪਿਤਾ ਜੀ ਨੂੰ ਭੇਜਿਆ ਉਹਨਾਂ ਵਿਰੋਧੀ ਵਿਚਾਰਾਂ ਨੂੰ ਮੰਨਣ ਵਾਲਿਆਂ ਤੇ ਤਾਂ ਕੀ ਸ਼ਿਕਵਾ ਕਰੀਏ ? ਗੁਰੂ ਪਿਤਾ ਜੀ, ਗੁਰੂ ਤੇਗ ਬਹਾਦਰ ਜੀ ਦਾ ਸੀਸ ਤੁਹਾਡੇ ਤੱਕ ਪਹੁੰਚਾਉਣ ਵਾਲੇ (ਜਿਨ੍ਹਾਂ ਨੂੰ ਤੁਸੀਂ ਆਪਣੇ ਬੇਟੇ ਕਿਹਾ) ("ਗੁਰੂ ਕਾ ਬੇਟਾ')। ਕਿਉਂਕਿ ਤੁਹਾਡੇ ਲਈ ਸੇਵਾ ਕਰਨ ਵਾਲਾ ਮਹਾਨ ਹੈ, ਤੁਸੀਂ ਜਾਤ-ਪਾਤ ਨਹੀਂ ਦੇਖਦੇ । ਤੇ ਅਸੀਂ ਤੇਰੇ ਬੇਵਕੂਫ਼ ਪੁੱਤਰ/ਧੀਆਂ ਨੇ ਜਾਤਾਂ ਦੇ ਅਧਾਰ ਉੱਪਰ ਗੁਰਦੁਆਰੇ ਬਣਾ ਲਏ ਅਤੇ ਤੁਹਾਨੂੰ ਬੇਦਾਵੇ ਲਿਖੇ ਤੇ ਆਪਣੇ ਉਹਨਾਂ ਕਿਰਤੀ/ਗਰੀਬ ਵੀਰਾਂ/ ਭੈਣਾਂ ਨੂੰ (ਜਿਨ੍ਹਾਂ ਨੂੰ ਤੁਸੀਂ 'ਗੁਰੂ ਕੇ ਬੇਟੇ' ਸਮਝਦੇ ਹੋ) ਆਪਣੀ ਜਾਤ/ਅਹੁਦੇ/ਲੀਡਰੀ ਦੇ ਹੰਕਾਰ ਵਿੱਚ ਤੁਹਾਡੇ ਪਿਆਰ ਦਾ ਅਹਿਸਾਸ ਨਹੀਂ ਹੋਣ ਦਿੱਤਾ। ਸਾਨੂੰ ਮੁਆਫ਼ ਕਰਿਓ ਗੁਰੂ ਪਿਤਾ ਜੀ !...

2. ਤੁਸੀਂ ਕੇਸਾਂ ਦੀ ਬੇਅਦਬੀ ਨਾ ਕਰਨ ਬਾਰੇ ਕਿਹਾ, ਗੁਰੂ ਪਿਤਾ ਜੀ ਅਸੀਂ ਤੁਹਾਨੂੰ Ignore ਕਰਕੇ, ਇਹ ਵੀ ਕਰਦੇ ਹਾਂ, ਸਾਨੂੰ ਮੁਆਫ਼ ਕਰਿਓ।

3. ਤੁਸੀਂ ਸਾਨੂੰ ਨਸ਼ਾ ਆਦਿਕ (ਤੰਬਾਕੂ ਜਾਂ ਕਿਸੇ ਕਿਸਮ ਦਾ) ਨਾ ਵਰਤਣ ਲਈ ਕਿਹਾ, ਤੁਹਾਡਾ ਤਾਂ ਘੋੜਾ ਵੀ ਤੰਬਾਕੂ ਦੇ ਖੇਤ ਵਿਚੋਂ ਨਹੀਂ ਗੁਜ਼ਰਦਾ । ਸੋਚ ਰਿਹਾ/ਰਹੀ ਸਾਂ ਗੁਰੂ ਪਿਤਾ ਤੁਹਾਡਾ ਪਸ਼ੂ/ਜਾਨਵਰ (ਘੋੜਾ) ਵੀ ਤੁਹਾਡਾ ਹੁਕਮ ਮੰਨਦਾ ਹੈ ਤੇ ਤੇਰੇ ਅਖੌਤੀ 'ਇਨ ਪੁਤਰਨ' ਨੇ ਥਾਂ-ਥਾਂ ਠੇਕੇ ਖੋਲ੍ਹ ਦਿੱਤੇ, ਸਮੈਕਾਂ ਚਲਾ ਦਿੱਤੀਆਂ। ਸਾਨੂੰ ਮੁਆਫ਼ ਕਰਿਓ ਜੀ ...।

4. ਤੁਸੀਂ ਸਾਨੂੰ ਕਿਰਦਾਰ ਉੱਚਾ ਰੱਖਣ ਲਈ ਕਿਹਾ, ਪਰ ਸ਼ਾਇਦ ਅਸੀਂ...ਸਾਨੂੰ ਮੁਆਫ਼

ਕਰਿਓ ਜੀ।

5. ਗੁਰੂ ਪਿਤਾ ਜੀ, ਆਪਣੇ ਚਾਵਾਂ ਨਾਲ ਬਣਾਏ ਛੋਟੇ-ਛੋਟੇ ਘਰਾਂ ਨੂੰ ਛੱਡਣਾ ਬਹੁਤ ਔਖਾ ਹੈ ਉਹ ਵੀ ਬਿਨਾਂ ਕਿਸੇ ਕਾਰਨ ਤੋਂ। ਤੇ ਤੁਸੀਂ ਆਪਣੀ ਆਨੰਦਾਂ ਦੀ ਪੁਰੀ (ਅੰਨਦਪੁਰ ਸਾਹਿਬ, ਆਪਣਾ ਘਰ) ਨੂੰ ਵੀ ਸਾਡੇ ਲਈ ਛੱਡਿਆ ਤੇ ਗੁਰੂ ਪਿਤਾ ਜੀ ਅਸੀਂ ਤੇਰੀ ਗੱਲ ਸੁਣਾਉਣ ਲਈ ਥੋੜ੍ਹਾ ਸਮਾਂ ਵੀ ਨਾ ਕੱਢਿਆ। ਸਾਨੂੰ ਮੁਆਫ਼ ਕਰਿਓ...।

6. ਤੁਸੀਂ ਔਖੀ ਘੜੀ (ਸਰਸਾ ਨਦੀ ਦੇ ਕਿਨਾਰੇ, ਜਦੋਂ ਫ਼ੌਜਾਂ ਪਿੱਛੇ ਹਨ, ਕਹਿਰਾਂ ਦੀ ਸਰਦੀ ਹੈ, ਧੁੰਦ ਹੈ) ਵਿੱਚ ਵੀ ਨਿਤਨੇਮ ਕਰਦੇ ਹੋ ਤੇ ਸਾਨੂੰ ਸਿਖਾਉਂਦੇ ਹੋ ਕਿ ਦੁੱਖ ਸਮੇਂ ਵੀ ਗੁਰਬਾਣੀ ਨਾਲੋਂ ਨਹੀਂ ਟੁੱਟਣਾ ਤੇ ਅਸੀਂ ਗੁਰੂ ਪਿਤਾ ਜੀ, ਖੁਸ਼ੀਆਂ ਖੇੜੇ ਮਾਣਦੇ, ਵਿਆਹਾਂ ਵਿੱਚ, ਛੱਤੀ ਪ੍ਰਕਾਰ ਦੇ ਭੋਜਨ ਖਾਂਦਿਆਂ ਵੀ ਨਿਤਨੇਮ, ਸਹਿਜਪਾਠ ਨਹੀਂ ਕਰਦੇ। ਸਾਨੂੰ ਮੁਆਫ਼ ਕਰਿਓ ਜੀ...।

7. ਚਮਕੌਰ ਦੀ ਗੜ੍ਹੀ ਵਿੱਚ ਚਾਲੀ ਸਿੰਘਾਂ ਨੂੰ ਆਰਾਮ ਕਰਾਉਣਾ ਤੇ ਆਪ ਪਹਿਰੇ ਦੀ ਸੇਵਾ ਕਰਕੇ ਤੁਸੀਂ ਸਮਝਾਇਆ ਕਿ ਜੇਕਰ ਸਾਰੇ ਸੁੱਤੇ ਵੀ ਹੋਣ ਤਾਂ ਕੌਮ ਦੇ ਲੀਡਰ/ਜਥੇਦਾਰ ਜਾਗਦੇ ਰਹਿਣੇ ਚਾਹੀਦੇ ਹਨ। ਪਰ...ਸਾਨੂੰ ਮੁਆਫ਼ ਕਰਿਓ ਜੀ...।

8. ਤੁਸੀਂ ਪੰਜ ਪਿਆਰਿਆਂ ਨੂੰ ਆਪਣੇ ਤੋਂ ਵੱਡਾ ਰੁਤਬਾ ਦਿੰਦੇ ਹੋ ਤਾਂ ਹੀ ਤਾਂ ਉਹਨਾਂ ਦਾ ਹੁਕਮ ਮੰਨ ਕੇ ਗੜ੍ਹੀ ਛੱਡੀ ਤੇ ਅਸੀਂ ਗੁਰੂ ਪਿਤਾ ਜੀ ਗਲਤ ਕੰਮ ਵੀ ਕਰਦੇ ਹਾਂ, ਪੰਜ ਪਿਆਰਿਆਂ ਨੂੰ ਤਾਂ ਅਸੀਂ...ਸਾਨੂੰ ਮੁਆਫ਼ ਕਰਿਓ ਜੀ...।

9. ਜਾਨ ਤੋਂ ਪਿਆਰੇ ਸਿੰਘਾਂ ਦੀਆਂ ਅਤੇ ਵੱਡੇ ਪੁੱਤਰਾਂ ਦੀਆਂ ਲਾਸ਼ਾਂ ਲੰਘਦਿਆਂ, ਮਾਛੀਵਾੜੇ ਦੇ ਜੰਗਲਾਂ ਵਿੱਚ ਤੁਹਾਡਾ ਅਕਾਲ ਪੁਰਖ ਦਾ ਸ਼ੁਕਰਾਨਾ ਕਰਨਾ, ਤੁਹਾਡੇ 'ਸਾਗਰ' ਵਰਗੇ ਹਿਰਦੇ ਦੀ ਵਿਸ਼ਾਲਤਾ ਤੇ ਆਤਮਿਕ ਮੰਡਲਾਂ ਦੀ ਉਚਾਈ ਬਿਆਨ ਕਰਦਾ ਹੈ ਤੇ ਅਸੀਂ ਥੋੜ੍ਹੇ ਜਿਹੇ ਦੁੱਖ ਵਿੱਚ ਹੀ ਉਲ੍ਹਾਮੇ ਦੇਣਾ ਸ਼ੁਰੂ ਕਰ ਦਿੰਦੇ ਹਾਂ, ਸਾਨੂੰ ਮੁਆਫ਼ ਕਰਿਓ ਜੀ...।

10. ਸਾਹਿਬਜ਼ਾਦੇ 7 ਤੋਂ 9 ਸਾਲ ਦੀ ਉਮਰ ਵਿੱਚ ਨੀਂਹਾਂ ਵਿੱਚ ਖੜ੍ਹਦੇ ਹਨ, ਵਜ਼ੀਰੇ ਦੀ ਕਚਹਿਰੀ ਵਿੱਚ 'ਫ਼ਤਹਿ ਸਿੰਘ' ਫ਼ਤਹਿ ਬੁਲਾਉਂਦਾ ਹੈ। ਲਾਲਚਾਂ ਅੱਗੇ ਨਹੀਂ ਡੋਲਦੇ ਤੇਰੇ ਸਾਹਿਬਜ਼ਾਦੇ। ਤੇ ਗੁਰੂ ਪਿਤਾ ਜੀ ਸਾਨੂੰ ਤਾਂ ਤੁਸੀਂ ਸਾਹਿਬਜ਼ਾਦਿਆਂ ਤੋਂ ਵੀ ਜ਼ਿਆਦਾ ਅਹਿਮੀਅਤ ਦਿੱਤੀ, ਤੇ ਅਸੀਂ ਆਪਣੇ ਜ਼ਮੀਰ ਨੂੰ ਕਿੱਥੇ-ਕਿਥੇ ਵੇਚਿਆ। ਸਾਨੂੰ ਮੁਆਫ਼ ਕਰਿਓ ਜੀ...।

11. ਤੁਹਾਡੀ ਮਾਂ ਜੀ ਅਤੇ ਸਾਡੀ ਦਾਦੀ ਮਾਂ ਜੀ, ਗੁੱਜਰ ਕੌਰ ਨੂੰ ਕਸ਼ਟ ਦਿੱਤੇ ਗਏ ਅਤੇ ਤੇਰੇ ਭੇਜੇ 'ਬੰਦੇ' (ਬੰਦਾ ਸਿੰਘ ਬਹਾਦਰ) ਨੇ 6 ਸਾਲਾਂ ਬਾਅਦ ਹੀ ਦੱਸ ਦਿੱਤਾ ਕਿ ਬੇਦੋਸ਼ਿਆਂ ਨੂੰ ਕਸ਼ਟ ਦੇਣ/ਸ਼ਹੀਦ ਕਰਨ ਵਾਲਿਆਂ ਦੇ 'ਰਾਜ' ਜ਼ਿਆਦਾ ਸਮਾਂ ਨਹੀਂ ਰਹਿੰਦੇ। ਸ਼ਾਇਦ ਤਾਂ ਹੀ ਸਾਡੇ 'ਰਾਜ ਕਰੇਗਾ ਖਾਲਸਾ' ਦੇ ਸੁਪਨੇ ਅਧੂਰੇ ਰਹਿ ਰਹੇ ਹਨ, ਕਿਉਂਕਿ ਅਸੀਂ ਵੀ ਤਾਂ ਬੱਚਿਆਂ/ਬਜ਼ੁਰਗਾਂ ਨੂੰ ਬਣਦਾ ਪਿਆਰ/ਸਤਿਕਾਰ ਸੰਭਾਲ ਨਹੀਂ ਦੇ ਰਹੇ। ਸਾਨੂੰ ਮੁਆਫ਼ ਕਰਿਓ ਜੀ...।

12. ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇ ਕੇ ਆਪ ਜੀ ਨੇ 'ਗੁਰੂ ਮਾਨੀਓ ਗ੍ਰੰਥ ਦਾ ਹੁਕਮ ਦੇ ਦਿੱਤਾ ਤੇ ਅਸੀਂ ਪਤਾ ਨਹੀਂ ਕਿਸ ਕਿਸ ਨੂੰ ਗੁਰੂ ਮੰਨ ਲਿਆ। ਸਾਨੂੰ ਮੁਆਫ਼ ਕਰਿਓ

ਜੀ...।

ਹੋਰ ਪਤਾ ਨਹੀਂ ਕਿੰਨੇ ਬੇਦਾਵੇ ਹਨ ਗੁਰੂ ਪਿਤਾ ਜੀ। ਮੁਆਫ਼ੀ ਵੀ ਕਿਹੜੇ ਮੂੰਹ ਨਾਲ ਮੰਗਾਂ ?

ਨੋਟ : ਇੱਕ ਗੱਲ ਹੱਥ ਜੋੜ ਕੇ ਤੁਹਾਡੇ ਚਰਨੀਂ ਡਿੱਗ ਕੇ ਕਬੂਲ ਕਰਦਾ/ਕਰਦੀ ਹਾਂ ਕਿ ਮੈਂ ਤੁਹਾਡੇ ਉਹਨਾਂ 'ਇਨ ਪੁਤਰਨ' ਵਿੱਚ ਨਹੀਂ ਆਉਂਦਾ/ਆਉਂਦੀ, ਜਿਨ੍ਹਾਂ ਤੋਂ ਤੁਸੀਂ ਆਪਣਾ ਸਰਬੰਸ ਕੁਰਬਾਨ ਕੀਤਾ ਸੀ।

ਸਾਨੂੰ ਮੁਆਫ਼ ਕਰ ਦਿਓ ਗੁਰੂ ਪਿਤਾ ਜੀ, ਅਸੀਂ ਤੁਹਾਡੇ ਭਰੋਸੇ ਦਾ ਕਤਲ ਕੀਤਾ ਹੈ। ਤੁਹਾਡੇ ਨਾਲ ਵਾਅਦਾ ਕਰਦੇ ਹਾਂ ਕਿ ਆਪਣੇ ਅਵਗੁਣ ਘਟਾਉਣ ਤੇ ਤੁਹਾਡੇ ਹੁਕਮਾਂ ਦੀ ਪਾਲਣਾ ਕਰਨ ਦੇ ਯਤਨ ਹੁਣ ਤੋਂ ਹੀ ਸ਼ੁਰੂ ਕਰਦੇ ਹਾਂ ...

ਖ਼ਿਮਾਂ ਦੇ ਜਾਚਕ !

ਆਪਣੀਆਂ ਟੁੱਟੀਆਂ ਗੰਢਾਉਣ ਦੇ ਚਾਹਵਾਨ ਤੇਰੇ 'ਇਨ ਪੁਤਰਨ' ਵਿੱਚ ਨਾ ਆਉਣ ਵਾਲੇ ਨਲਾਇਕ ਪੁੱਤਰ/ਧੀਆਂ।

- ਪ੍ਰੋ: ਗੁਰਪ੍ਰੀਤ ਸਿੰਘ

Assistant Professor,
Electronics and Comm. Deptt.
Bhai Maha Singh College Of Engg.
Sri Muktsar Sahib,
Mob : 097811117

# ਮਾਰਚ 2016 ਮਹੀਨੇ ਦੇ ਸਮਾਗਮ :-

## ਨਾਨਕਸ਼ਾਹੀ ਜੰਤਰੀ ਅਨੁਸਾਰ ਚੇਤ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਮਿਤੀ 14-03-2017 ਦਿਨ ਮੰਗਲਵਾਰ ਨੂੰ ਸ਼ਾਮ 6.00 ਤੋਂ 9.00 ਤੱਕ **"ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ "**।।ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਅਯੋਜਿਤ ਕੀਤਾ ਜਾਵੇਗਾ।ਉਪ੍ਰੰਤ ਗੁਰੂ ਕੇ ਲੰਗਰ ਅਤੁੱਟ ਵਰਤਣਗੇ

# ਗਤੀਵਿਧੀਆਂ

## ਨਾਨਕਸ਼ਾਹੀ ਜੰਤਰੀ ਅਨੁਸਾਰ ਫੱਗਣ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 12-2-2017 ਦਿਨ ਐਤਵਾਰ ਨੂੰ ਸ਼ਾਮ 6.00 ਤੋਂ 9.00 ਵਜੇ ਤੱਕ**"ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ"** ।।ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਦੇ ਵਿਦਿਆਰਥੀਆਂ ਨੇ ਕੀਰਤਨ ਕਥਾ ਰਾਹੀਂ ਅਤੇ ਭਾਈ ਹਰਵੀਰ ਸਿੰਘ ਨੇ ਕਥਾ ਰਾਹੀ ਸੇਵਾ ਨਿਭਾਈ। ।ਉਪ੍ਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਸ਼ੁਕਰਾਨਾ / ਅਰਦਾਸ ਸਮਾਗਮ :-** ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕ੍ਰਿਪਾ ਸਦਕਾ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਨੂੰ ਸੇਵਾ ਨਿਭਾਉਂਦੇ ਹੋਏ 20 ਸਾਲ ਪੂਰੇ ਹੋਣ ਤੇ ਸ਼ੁਕਰਾਨਾ / ਅਰਦਾਸ ਸਮਾਗਮ ਦੀ ਲੜੀ ਵਿੱਚ ਗੁਰਮਤਿ ਸਮਾਗਮ ਮਿਤੀ:- 23-02-2017 ਤੋਂ 25-02-2017 ਤੱਕ ਗੁਰਮਤਿ ਪ੍ਰਸਾਰ ਭਵਨ ਮੁੰਡੀ ਖਰੜ, ਗੁ.ਸਾਚਾ ਧੰਨ ਮੋਹਾਲੀ ,ਗੁ.ਸ੍ਰੀ ਗੁਰੁ ਤੇਗ ਬਹਾਦੁਰ ਸਾਹਿਬ , ਸੈਕਟਰ ੩੪ ਚੰਡੀਗੜ ਵਿਖੇ ਕੀਤੇ ਗਏ। ਸਮਾਗਮ ਤਸਵੀਰਾਂ ਦੀ ਜੁਬਾਨੀ :-

## ਮਿਤੀ 23-02-2017 (ਵੀਰਵਾਰ) ਸਥਾਨ: ਗੁ. ਗੁਰਮਤਿ ਪ੍ਰਸਾਰ ਭਵਨ, ਮੁੰਡੀ ਖਰੜ



ਕੀਰਤਨ - ਭਾਈ ਹਰਪ੍ਰੀਤ ਸਿੰਘ ਜੀ "ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ"



ਕਥਾ-ਗਿਆਨੀ ਜਸਵਿੰਦਰ ਸਿੰਘ ਜੀ ਹੈਡ ਗ੍ਰੰਥੀ ਗੁ. ਸਾਚਾ ਧੰਨ ,ਮੋਹਾਲੀ



ਕੀਰਤਨ - ਸ. ਬਲਵਿੰਦਰ ਸਿੰਘ ਜੀ 'ਸਾਗਰ'



ਕਥਾ - ਗਿਆਨੀ ਰਣਜੀਤ ਸਿੰਘ ਜੀ 'ਚੰਡੀਗੜ'





ਸਮਾਗਮ ਦਾ ਅਨੰਦ ਮਾਣ ਰਹੀਆਂ ਸੰਗਤਾ

## ਮਿਤੀ 24-02-2017 (ਸ਼ੁਕਰਵਾਰ) ਸਥਾਨ: ਗੁ. ਸਾਚਾ ਧੰਨ, ਮੋਹਾਲੀ



ਕੀਰਤਨ - ਭਾਈ ਮਨਪ੍ਰੀਤ ਸਿੰਘ ਜੀ "ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ"



ਕਥਾ - ਗਿਆਨੀ ਪ੍ਰਦੀਪ ਸਿੰਘ ਜੀ ਕਥਾਵਾਚਕ, ਗੁ.ਅਕਾਲ ਆਸ਼ਰਮ ਸੋਹਾਨਾ



ਕੀਰਤਨ - ਭਾਈ ਸਤਿੰਦਰ ਬੀਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ



ਕਥਾ - ਗਿਆਨੀ ਰਣਜੀਤ ਸਿੰਘ ਜੀ 'ਚੰਡੀਗੜ'



ਗਿਆਨੀ ਰਣਜੀਤ ਸਿੰਘ ਜੀ ਨੂੰ ਸਨਮਾਨਿਤ ਕਰਦੇ ਹੋਏ



ਪ੍ਰਿ.ਨਰਿੰਦਰ ਬੀਰ ਜੀ ਨੂੰ ਸਨਮਾਨਿਤ ਕਰਦੇ ਹੋਏ

# ਮਿਤੀ 25-02-2017 (ਸ਼ਨਿਵਾਰ)
## ਸਥਾਨ: ਗੁ. ਸੈਕਟਰ-੩੪, ਚੰਡੀਗੜ


ਕੀਰਤਨ - ਭਾਈ ਗੁਰਪ੍ਰੀਤ ਸਿੰਘ ਜੀ "ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ"


ਕਥਾ – ਗਿਆਨੀ ਅਮਰੀਕ ਸਿੰਘ ਜੀ


ਕਥਾ - ਗਿਆਨੀ ਸਾਹਿਬ ਸਿੰਘ ਜੀ ਸਾਹਬਾਦ ਮਾਰਕੰਡਾ


ਕੀਰਤਨ - ਭਾਈ ਇੰਦਰਪਾਲ ਸਿੰਘ ਜੀ 'ਚੰਡੀਗੜ'


ਗਿਆਨੀ ਅਮਰੀਕ ਸਿੰਘ ਜੀ ਨੂੰ ਸਨਮਾਨਿਤ ਕਰਦੇ ਹੋਏ


ਗਿਆਨੀ ਸਾਹਿਬ ਸਿੰਘ ਜੀ ਨੂੰ ਸਨਮਾਨਿਤ ਕਰਦੇ ਹੋਏ


ਗੁ.ਸਾਹਿਬ ਸੈਕਟਰ-੩੪ ਦੇ ਪ੍ਰਧਾਨ ਸਾਹਿਬ ਨੂੰ ਸਨਮਾਨਿਤ ਕਰਦੇ ਹੋਏ


ਵਾਇਸ ਪ੍ਰਿੰ.ਭਾਈ ਹਰਵੀਰ ਸਿੰਘ ਨੂੰ ਸਨਮਾਨਿਤ ਕਰਦੇ ਹੋਏ


ਗਿਆਨੀ ਪ੍ਰਦੀਪ ਸਿੰਘ ਜੀ ਨੂੰ ਸਨਮਾਨਿਤ ਕਰਦੇ ਹੋਏ

## ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਚੰਡੀਗੜ੍ਹ ਦੀ ਜਨਰਲ ਇਕਤ੍ਰਤਾ

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਚੰਡੀਗੜ੍ਹ ਦੀ ਜਨਰਲ ਇਕਤ੍ਰਤਾ ਐਤਵਾਰ ਮਿਤੀ 06-03-2016 ਨੂੰ ਸਵੇਰੇ 10.30 ਵਜੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ, ਸੈਕਟਰ 34, ਚੰਡੀਗੜ੍ਹ ਵਿਖੇ ਹੋਈ ਹੈ। ਜਿਸ ਵਿੱਚ ਸੋਸਾਇਟੀ ਦੇ ਸਾਲ 2015-2016 (31-01-2016) ਤੱਕ ਦੇ ਆਮਦਨ ਖਰਚ ਦੇ ਹਿਸਾਬ ਕਿਤਾਬ ਦਾ ਵੇਰਵਾ ਅਤੇ ਗਤੀਵਿਧੀਆਂ ਦੀ ਸਾਲਾਨਾ ਰਿਪੋਰਟ ਦਾ ਵੇਰਵਾ ਤੇ ਉਸਦੀ ਪ੍ਰਵਾਨਗੀ ਲਈ ਗਈ।ਸਾਲ 2016-2017 ਵਿਚ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਦੀ ਯੋਜਨਾ ਦੀ ਪ੍ਰਵਾਨਗੀ, ਹੋਣ ਵਾਲੇ ਖਰਚਿਆਂ ਦੇ ਬਜਟ ਦੀ ਪ੍ਰਵਾਨਗੀ ਵੀ ਲਈ ਗਈ। ਇੱਕਤ੍ਰਤਾ ਦੀ ਕਾਰਵਾਈ ਨਾਲ ਦਰਜ਼ ਹੈ।

# ਜਨਰਲ ਇੱਕਤ੍ਰਤਾ

## ਮਿਤੀ 26-02-2017 (ਐਤਵਾਰ) ਸਥਾਨ: ਗੁ. ਸੈਕਟਰ-34, ਚੰਡੀਗੜ੍ਹ


ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੇ ਵਿਦਿਆਰਥੀ ਕੀਰਤਨ ਦੀ ਸੇਵਾ ਨਿਭਾਉਂਦੇ ਹੋਏ



ਸੋਸਾਇਟੀ ਦੇ ਪ੍ਰਬੰਧਕ ਸਟੇਜ ਤੇ ਬਿਰਾਜੇ ਹੋਏ


ਡਾ.ਕੰਵਲਜੀਤ ਸਿੰਘ ਸਲਾਨਾ ਰਿਪੋਰਟ ਪੇਸ਼ ਕਰਦੇ ਹੋਏ


ਪ੍ਰਿੰ.ਨਰਿੰਦਰ ਬੀਰ ਸਿੰਘ ਬਜਟ ਪੇਸ਼ ਕਰਦੇ ਹੋਏ


ਡਾ.ਦਰਸ਼ਨਜੋਤ ਕੌਰ ਆਪਣੇ ਵਿਚਾਰ ਪੇਸ਼ ਕਰਦੇ ਹੋਏ


ਡਾ.ਗੁਰਮੀਤ ਸਿੰਘ ਆਪਣੇ ਵਿਚਾਰ ਪੇਸ਼ ਕਰਦੇ ਹੋਏ





ਸਲਾਨਾ ਇਕੱਤਰਤਾ ਵਿੱਚ ਬੈਠੇ ਮੈਬਰ





**ਲੰਗਰ ਛੱਕਦੇ ਮੈਂਬਰ**





**ਲੰਗਰ ਛੱਕਦੇ ਮੈਂਬਰ**

# ਰਾਗ ਸੋਰਠ

ਪ੍ਰੋ. ਜਸਵਿੰਦਰ ਸਿੰਘ
98141-85854

ਥਾਟ ਖਮਾਜ    ਸੁਰ ਦੋਵੇਂ ਨਿਸ਼ਾਦ ਬਾਕੀ ਸ਼ੁਧ
ਵਰਜਿਤ ਸੁਰ -ਆਰੋਹ ਵਿੱਚ ਗ, ਧ ਅਤੇ ਅਵਰੋਹ ਵਿੱਚ ਗੰਧਾਰ
ਜਾਤੀ- ਔੜਵ-ਸ਼ਾੜਵ    ਵਾਦੀ-ਰਿਸ਼ਭ    ਸੰਵਾਦੀ-ਧੈਵਤ
ਸਮਾਂ-ਰਾਤ ਦਾ ਦੂਜਾ ਪਹਿਰ ।
ਆਰੋਹ - ਸ ਰੇ, ਮ ਪ, ਨੀ ਸਂ ।
ਅਵਰੋਹ - ਸਂ ਰੇਂ ਨੁੀ ਧ, ਮ ਪ ਧ ਮ ਰੇ .ਨੀ ਸ ।
ਪਕੜ - ਸ ਰੇ, ਮ ਪ ਨੁੀ ਧ, ਪ ਧ ਮ ਰੇ .ਨੀ ਸ ।

## ਰਾਗ ਰਾਮਕਲੀ ਮੱਤ ਤਾਲ ਮੱਧ ਲੈਅ

| ਤਾਲ | 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| ਚਿੰਨ੍ਹ | X | | 0 | | 2 | | 0 | | 3 | | 4 | |
| ਸਥਾਈ | ਸਸਂ | ਸਂ | ਸਰੇਂ | ਨੁੀ | ਧ | ਪ | ਪ | -ਪ | ਪਧ | ਮ | ਮਰੇ | ਰੇ |
| | ਮਨ | ਰੇ | ss | ਰਾ | s | ਮ | ਨਾ | sਮ | ਜਸ | ਲੇ | ਇs | s |
| | ਮ | ਪ | -ਨੀ | ਨੀ | -ਨੀ | ਨੀਨੀ | ਸਂ | ਸਂ | ਨੀ | ਸਂ | ਸਂ | ਪ |
| | ਰਾ | s | sਮ | ਨਾ | sਮ | ਜਸ | ਲੇ | ਇ | s | s | s | s |
| | ਰੇਰੇ | ਮ | ਮ | ਪਪ | ਪ | ਪ | ਪਪ | ਪ | ਪਧ | ਮਮ | ਮਰੇ | ਰੇ |
| | ਬਿਨ | ਗੁ | ਰ | ਇਹ | ਰ | ਸ | ਕਿਉ | s | sਲ | ਹਉ | ss | s |
| | ਮ | ਪ | ਨੀ | ਨੀ | - | ਨੀਨੀ | ਸਂ | ਸਂ | ਨੀ | ਸਂ | ਸਂ | ਪ |
| | ਗੁ | ਰ | ਮੇ | ਲੈ | s | ਹਰਿ | ਦੇ | ਇ | s | s | s | s |
| ਅੰਤਰਾ | ਰੇਰੇ | ਮ | ਪ | ਪ | ਪ | ਪਪ | ਪ | ਪਧ | ਮ | ਰੇ | ਰੇ | ਰੇ |
| | ਜਿਉ | s | s | ਮੀ | ਨਾ | ਬਿਨ | ਪਾ | ss | ਣੀ | ਐ | s | s |
| | ਮਮ | ਪਨੀ | ਨੀਨੀ | ਨੀ | ਨੀ | ਨੀ | ਸਸਂ | ਸਂ | ਨੀ | ਸਂ | ਸਂ | ਪ |
| | ਤਿਉ | ਸਾs | ਕਤ | ਮ | ਰੈ | s | ਪਿਆ | s | s | ਸ | s | s |
| ਅਲਾਪ 1 | ਸ | - | - | - | .ਨੀਸ | ਰੇਮ | ਪ | - | - | - | ਧਪ | ਮਪ |
| | ਧ | ਮ | - | ਰੇ | - | - | ਸ | ਰੇ | .ਨੀ | ਸ | - | - |
| 2 | .ਨੀਸ | ਰੇਮ | ਪਮ | ਪ | - | - | ਮ | ਪ | ਸਂ | ਨੀ | - | - |
| | ਨੀਸਂ | ਰੇਂ | ਨੁੀ | ਧ | ਮ | - | ਮ | ਰੇ | .ਨੀ | ਸ | - | - |
| | .ਨੀਸ | ਰੇਮ | ਪਮ | ਪ | - | - | ਧਪ | ਮਪ | ਧਮ | ਰੇ | ਮ | ਪ |
| | ਨੀ | - | - | - | ਸਂ | ਨੀ | ਸਂ | - | - | - | - | - |
| ਬੋਲ ਅਲਾਪ | ਨੀਸਂ | ਰੇਂ | ਨੁੀ | ਧ | ਮ | - | ਸਰੇ | .ਨੀਸ | ਰੇਸ | ਰੇਮ | ਪਧ | ਮਪ |

| ਤਾਲ ਚਿੰਨ੍ਹ | 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| | X | | 0 | | 2 | | 0 | | 3 | | 4 | |
| 4 | .ਨੀ | – | ਸ | ਮ | ਰੇ | ਰੇ | ਮ | ਪ | ਮ | ਪ | – | ਪ |
| | ਮ | ਨ | s | ਰੇ | s | s | ਰਾ | s | ਮ | ਨਾ | s | ਮ |
| | ਧਪ | ਮਪ | ਧਮ | ਮ | ਰੇ | ਰੇ | ਰੇਮ | ਰੇਮ | ਮਰੇ | .ਨੀ | ਸ | – |
| | ਜs | ss | ss | ਸ | s | s | ਲੇਇ | ss | ss | s | s | s |
| 5 | ਪਮ | ਰੇਮ | ਪਮ | ਪਨੀ | ਨੀ | ਨੀ | ਪਨੀ | ਸਂਰੇਂ | ਨੀਸਂ | ਮਂ | ਮਂਰੇਂ | ਰੇਂ |
| | ਮs | ss | ss | ਨs | s | s | ਰੇs | ss | ss | s | ss | s |
| | ਨੀ | ਨੀ | ਨੀ | ਸਂ | ਸਂ | ਸਂਰੇਂ | ਨੁੀ | ਨੁੀ | – | ਧ | – | ਪ |
| | ਰਾ | s | ਮ | ਨਾ | s | ਮs | ਜ | ਸ | s | ਲੇਇ | s | s |
| | ਮਪ | ਨੀ– | –ਨੀ | ਸਂ | – | ਸਂ | ਪਧ | ਮਪ | ਨੀਸਂ | ਰੇਂਨੁੀ | ਧਪ | ਮਪ |
| | ਰਾs | ss | sਮ | ਨਾ | s | ਮ | ਜs | ਸs | ss | ਲੇਇ | ss | ss |
| ਅਕਾਰ | | | | | | | | | | | | |
| 6 | .ਨੀਸ | ਰੇਮ | ਪਨੁੀ | ਧਪ | ਮਪ | ਨੀਸਂ | ਰੇਂਮਂ | ਰੇਂਸਂ | ਰੇਂਨੁੀ | ਧਪ | ਮਰੇ | .ਨੀਸ |
| 7 | ਰੇਮ | ਪਧ | ਮਪ | ਨੀਸਂ | ਪਨੀ | ਸਂਰੇਂ | ਸਂਰੇਂ | ਨੀਸਂ | ਰੇਂਨੁੀ | ਧਪ | ਧਮ | ਰੇਰੇ |
| 8 | ਮਪ | ਨੀਸਂ | ਰੇਂਰੇਂ | ਸਂਰੇਂ | ਨੁੀਧ | ਪਧ | ਮਪ | ਸਂਸਂ | ਨੁੀਧ | ਪਮ | ਮਰੇ | .ਨੀਸ |
| 9 | .ਨੀਸ | ਰੇਮ | ਪਧ | ਮਪ | ਨੀਸਂ | ਰੇਂਸਂ | ਨੀਸਂ | ਰੇਂਰੇਂ | ਨੁੀਧ | ਪਧ | ਮਮ | ਰੇਰੇ |
| 10 | ਪਧ | ਪਧ | ਮਪ | ਧਮ | ਰੇਸ | .ਨੀਸ | ਪਨੁੀ | ਪਨੁੀ | ਧਪ | ਪਧ | ਪਧ | ਮਪ |
| | ਧਮ | ਰੇਸ | .ਨੀਸ | ਨੀਸਂ | ਨੀਸਂ | ਰੇਂਨੁੀ | ਧਪ | ਪਧ | ਪਧ | ਮਪ | ਧਮ | ਰੇਸ |
| | .ਨੀਸ | ਸਂਰੇਂ | ਸਂਰੇਂ | ਮਂਰੇਂ | ਸਂਰੇਂ | ਨੀਸਂ | ਪਧ | ਪਧ | ਮਪ | ਧਮ | ਰੇਸ | .ਨੀਸ |

ਪੰਨਾ ੫੯੭ ॥ ਸੋਰਠਿ ਮਹਲਾ ੧

ਜਿਉ ਮੀਨਾ ਬਿਨੁ ਪਾਣੀਐ ਤਿਉ ਸਾਕਤੁ ਮਰੈ ਪਿਆਸ ॥ ਤਿਉ ਹਰਿ ਬਿਨੁ ਮਰੀਐ ਰੇ ਮਨਾ ਜੋ ਬਿਰਥਾ ਜਾਵੈ ਸਾਸੁ ॥੧॥ ਮਨ ਰੇ ਰਾਮ ਨਾਮ ਜਸੁ ਲੇਇ ॥ ਬਿਨੁ ਗੁਰ ਇਹੁ ਰਸੁ ਕਿਉ ਲਹਉ ਗੁਰੁ ਮੇਲੈ ਹਰਿ ਦੇਇ ॥ ਰਹਾਉ ॥ ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥੁ ਹੋਇ ॥ ਅਠਸਠਿ ਤੀਰਥ ਮਜਨਾ ਗੁਰ ਦਰਸੁ ਪਰਾਪਤਿ ਹੋਇ ॥੨॥ ਜਿਉ ਜੋਗੀ ਜਤ ਬਾਹਰਾ ਤਪੁ ਨਾਹੀ ਸਤੁ ਸੰਤੋਖੁ ॥ ਤਿਉ ਨਾਮੈ ਬਿਨੁ ਦੇਹੁਰੀ ਜਮੁ ਮਾਰੈ ਅੰਤਰਿ ਦੋਖੁ ॥੩॥ ਸਾਕਤ ਪ੍ਰੇਮੁ ਨ ਪਾਈਐ ਹਰਿ ਪਾਈਐ ਸਤਿਗੁਰ ਭਾਇ ॥ ਸੁਖ ਦੁਖ ਦਾਤਾ ਗੁਰੁ ਮਿਲੈ ਕਹੁ ਨਾਨਕ ਸਿਫਤਿ ਸਮਾਇ ॥੪॥੭॥

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

HELP NEEDY

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਫਰਵਰੀ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 75 | 143 | 218 |
| 2 | Eye | 12 | 30 | 42 |
| 3 | Cardiology | 05 | 49 | 54 |
| 4 | Dental | 22 | 68 | 90 |
| 5 | Gynaecology | 12 | 21 | 33 |
| 6 | Homoeopathy | 21 | 217 | 238 |
| 7 | Physiotherapy | 11 | 19 | 30 |
| | Total | 158 | 547 | 705 |
| | Laboratory | 66 | - | 66 |

## ਧੰਨਵਾਦਿ :

## ਫਰਵਰੀ 2017 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:-

| | | |
|---|---|---|
| 1. | S. Narinder Bir Singh #1444/34C/Chd | 16,100/- |
| 2. | S. Joginder Singh Kohli #1429/22B | 2,100/- |
| 3. | S. Narinderjit Singh #215/Sec. 49A | 11,000/- |
| 4. | Bibi Surjit Kaur #1444/Sec. 34C/Chd | 16,100/- |
| 5. | Col. Ranjit Singh (H.U.F.) #207/33A | 5,000/- |
| 6. | Col. Ranjit Singh #207/Sec. 33A/Chd | 7,000/- |
| 7. | S. Harbhajan Singh Sahni # 731/3BI | 15,000/- |
| 8. | S. Dhanwant Singh #447/Ph4/Mohali | 500/- |
| 9. | S. Kamaljit Singh/ Mundi Kharar | 100/- |
| 10. | S. jagjit Singh/ Mundi Kharar | 100/- |
| 11. | S. Mandeep Singh/ Mundi Kharar | 100/- |
| 12. | Mata Ji/ Mundi Kharar | 100/- |
| 13. | Bibi Gurnam Kaur/ Mundi Kharar | 100/- |
| 14. | S. Amarjeet Singh/ Mundi Kharar | 100/- |
| 15. | Bibi Surinderjit Kaur #22,Mundi Kharar | 2000/- |
| 16. | S. Dilbagh Singh/Satkar Properties M. Kharar | 500/- |
| 17. | Col. H.S Uppal #306/Sec. 33A/Chd | 40,000/- |
| 18. | All Indian Sikh Federation(Regd.) New Delhi | 21,000/- |
| 19. | S. Sunder Singh #1230/Sec. 42B/Chd | 2,000/- |
| 20. | S. S.P. Singh #665-A/JTPL City/Sec.115 | 5,100/- |
| 21. | Bibi Jasleen Kaur #1369/Sec. 40B/Chd | 500/- |
| 22. | S. Surinder Singh #303/Sec. 20A/Chd | 500/- |
| 23. | Mr. Vijay Kumar # 111/Ram Darbar/PhI/Chd. | 100/- |
| 24. | Bibi Charanjit Kaur #461/Sec. 44A/Chd | 1,200/- |
| 25. | Bibi Rajleen Kaur #836/Phase II/Mohali | 500/- |
| 26. | Bibi. Harleen Kaur Sarna Naya Goan, Mohali | 500/- |
| 27. | Bibi Harpreet Kaur #461/Sec 44A/Chd | 1,000/- |
| 28. | S. Harsharnpal Singh Bhatia #461/Sec. 44A | 1,000/- |
| 29. | Bibi Narinder Kaur #800/Sec. 43A/Chd | 600/- |
| 30. | S. Birinder Singh #6A/Sunny Enclave/Kharar | 1,000/- |
| 31. | S. D.P Singh #393/Phase 9/Mohali | 1,200/- |
| 32. | Dr. Daljit Kaur Gakhar #1600/Sector-34D/Chd | 10,000/- |
| 33. | Air Marshal K.S. Bhatia(Retd.) #2433/Ph-10 | 3,000/- |
| 35. | M.S. Mongia | 500/- |
| 36. | Bibi Davinder Kaur #1541/Sector-34D/Chd | 500/- |
| 37. | S. Joginder Singh #1131/Sector- 34C/Chd | 100/- |
| 38. | Bibi Kulwant Kaur #1322/Sector-34C/Chd | 350/- |
| 39. | Bibi Harjot Kaur #1122/Sector-34C/Chd | 100/- |
| 40. | S. Harjider Pal Singh #602A/Sector- 31A/Chd | 100/- |
| 41. | Bibi Sukhbir Kaur #3424/Sector-35D/Chd | 100/- |
| 42. | Bibi Amarpal Kaur #3550/Sector-35D/Chd | 100/- |
| 43. | Bibi Nirmaljit Kaur | 100/- |
| 44. | Bibi Manjit Kaur #1032/Sector-45B/Chd | 100/- |
| 45. | Mr. Parveen & Mrs. Poonam | 1,000/- |
| 46. | S. Mohinder Singh Sudan #1286/Sector-33C | 2,000/- |
| 47. | Bibi Manjit Kaur Bindra #1655/Sec.34D/Chd | 2,000/- |
| 48. | S. Manjit Singh #3313/Sector- 46C/Chd | 2,000/- |
| 49. | Dr. Daljit Kaur #1549/Sec. 34D/Chd | 3,300/- |
| 50. | Bibi Manjit Kaur Sabharwal #1385/34C | 2,000/- |
| 51. | S. Preetinder Singh #461/Sector-44A/Chd | 15,000/- |
| 52. | S. Gajinder Pal Singh #602A/Sector-31A/Chd | 500/- |
| 53. | Sh. Raj Kumar #1279/Sector-33C/Chd | 500/- |
| 54. | S. Inderpal Singh #782/Sector- 43A/Chd | 2,000/- |
| 55. | S. Amarjit Singh Grover #700,Sec.-49A/Chd | 2,000/- |
| 56. | S. Japjot Singh #1999/Phase -10/Mohali | 2,000/- |
| 57. | Bibi Satwant Kaur #1848/Phase-5/Mohali | 500/- |
| 58. | Bibi Manjit Kaur Bedi #1368/Sec.34C/Chd | 500/- |
| 59. | Bibi Inderjit Kaur #677/ Phase-3BI/Mohali | 1,000/- |
| 60. | Macrobiotic Systems & Software Sector-40C | 2,000/- |
| 62. | S. Amardeep Singh Sandhu Sec.-49A/Chd | 20,000/- |
| 65. | Col. Jaswant Singh Sidhu #1187/34C/Chd | 50,000/- |
| 66. | S. Gurdeep Singh #119/Phase-6/Mohali | 10,000/- |
| 67. | S. Harjinder Singh #321/Sector-46/Chd | 10,000/- |
| 68. | S. Mohinder Singh #3411/Sec. 49D/Chd | 10,000/- |
| 69. | Bibi Gurdeep Kaur #461/Sec. 44A/Chd | 15,000/- |
| 70. | S. Charanjit Singh #1329/Sector-44B/Chd | 5,000/- |
| 71. | Bibi Rajinder Kaur #345/Sec. 15A/Chd | 5,000/- |
| 72. | Bibi Harsharan Kaur Sethi #1440/34C/Chd | 730/- |
| 73. | Bibi Daljit Kaur Oberoi #278/Sec. 33A/Chd | 2,000/- |
| 74. | Bibi Simran Kaur/Mohali | 1,1000/- |

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।